# ਕੈਨੇਡਾ ਦਰਪਣ

22 ਜੂਨ, 1984

**June 22, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ।

WEEKENDING June 22, 1984
Second Class Mail - Reg. No. 5991
ਕੀਮਤ 30¢
Out of Greater Vancouver Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1
Vol. 3 No. 25 Weekending June 22, 1984
Editor's Res. PHONE. (604)321-6360
The Canada Darpan
Punjabi Weekly Newspaper

# ਸਿੱਖ ਫੌਜੀਆਂ ਦੀ 'ਬਗ਼ਾਵਤ' ਦਬਾਅ ਦੇਣ ਦਾ ਸਰਕਾਰੀ ਦਾਅਵਾ




ਏ. ਐਸ. ਏਜੰਸੀ ਅਨੁਸਾਰ 600 ਸਿਖ ਫੌਜੀ ਜਿਨ੍ਹਾਂ ਰਾਮਗੜ੍ਹ ਵਿਚ ਫੌਜ ਛੱਡੀ ਸੀ - ਜੌਨਪੁਰ, ਅਲਾਹਾਬਾਦ ਅਤੇ ਬਿਹਾਰ ਵਿਚ ਫੜੇ ਗਏ। ਪੂਨਾ ਤੋਂ ਭੱਜੇ ਹੋਏ ਥਾਨਾ ਲਾਗੇ ਪਕੜੇ ਗਏ। ਸਿਖ ਫੌਜੀਆਂ ਨੇ ਜਿਥੇ ਪਲਟਨਾਂ ਛੱਡੀਆਂ ਉਨ੍ਹਾਂ ਵਿਚ ਸ੍ਰੀ ਗੰਗਾਨਾਗਰ ਤੇ ਸਿਲੀਗੁਰੀ ਵੀ ਹਨ।

## ਅੰਦਰ ਪੜ੍ਹੋ :—

— ਪੰਜਾਬ ਵਿਚ ਕਤਲੋਗਾਰਤ ਬੰਦ ਹੋ ਗਈ
— ਕੈਨੇਡਾ ਵਿਚ ਕੇਂਦਰ ਸਰਕਾਰ ਵਿਰੁਧ ਮੁਜ਼ਾਹਰੇ
— ਫਾਰਮ ਵਰਕਰਾਂ ਦੀ ਜਦੋ ਜਹਿਦ (ਵੈਨਕੂਵਰ ਸੱਥ)

ਨਵੀਂ ਦਿੱਲੀ— ਫੌਜੀ ਸੂਤਰਾਂ ਅਨੁਸਾਰ ਸਿਖ ਫੌਜੀਆਂ ਵਲੋਂ ਕੀਤੀ ਗਈ ਤਿੰਨ-ਦਿਨਾਂ ਦੀ 'ਬਗਾਵਤ' ਲਗਪਗ ਖਤਮ ਹੋ ਗਈ ਹੈ। ਫਿਰ ਵੀ ਬੁੱਧਵਾਰ 12 ਫੌਜੀ ਮਾਰੇ ਗਏ ਅਤੇ 350 ਹਿਰਾਸਤ ਵਿਚ ਲੈ ਲਏ ਗਏ।

ਖਾਸ ਸੂਤਰਾਂ ਦੀ ਖਬਰ ਅਨੁਸਾਰ ਤ੍ਰੀਪੁਰਾ ਵਿਚ 200 ਸਿਖ ਫੌਜੀਆਂ ਨੇ ਚਾਰ ਮਿਲਟਰੀ ਟਰੱਕ ਚੁਰਾਏ ਅਤੇ ਉਨ੍ਹਾਂ ਨੇ ਫੌਜ ਛੱਡ ਦਿਤੀ। ਇਹ 200 ਫੌਜੀ ਜਲਦੀ ਹੀ ਘੇਰੇ ਵਿਚ ਆਉਣ ਕਾਰਨ ਫੜੇ ਗਏ ਅਤੇ ਆਤਮ-ਸਮਰਪਣ ਕਰ ਦਿਤਾ।

ਬਰਗੇਡੀਅਰ ਕੇ. ਐਲ. ਚੁਨੇਜਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੁਝ ਸਿੱਖ ਫੌਜੀ ਵਿਅਕਤੀਗਤ ਰੂਪ ਵਿਚ ਫੜੇ ਜਾਣ ਵਾਲੇ ਬਾਕੀ ਰਹਿ ਗਏ ਹਨ ਬਾਕੀ ਫੌਜ ਛੱਡਣ ਵਾਲਿਆਂ ਨੇ ਜਾਂ ਤਾਂ ਆਤਮ-ਸਮਰਪਣ ਕਰ ਦਿਤਾ ਹੈ, ਜਾਂ ਫੜੇ ਗਏ ਹਨ ਜਾਂ ਮਾਰੇ ਗਏ ਹਨ।

ਸਿੱਖ ਫੌਜੀਆਂ ਵਿਚ ਫੌਜ ਛੱਡਣ ਵਾਲੇ ਨਵੇਂ ਰੰਗਰੂਟ ਵਧੇਰੇ ਗਿਣਤੀ ਵਿਚ ਸਨ ਅਤੇ ਇਨ੍ਹਾਂ ਦੀ ਬਹੁਤੀ ਗਿਣਤੀ ਫਰੀਦਕੋਟ ਜ਼ਿਲੇ ਦੀ ਦੱਸੀ ਗਈ ਹੈ। ਇਨ੍ਹਾਂ ਸਿਖ ਨੌਜਵਾਨਾਂ ਵਿਚ ਗੁੱਸਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲੇ ਕਾਰਨ ਭੜਕਿਆ।

ਅੱਜ ਦੀ ਖਬਰ ਅਨੁਸਾਰ 1000 ਸਿਖ ਫੌਜੀ ਫੜੇ ਗਏ ਹਨ ਅਤੇ 41 ਮਾਰੇ ਗਏ ਹਨ। ਫੌਜੀ ਸੂਤਰਾਂ ਨੇ ਇਸ ਦੀ ਪੁਸ਼ਟੀ ਕਰ ਦਿਤੀ।

## ਗੁਜਰਾਤ ਵਿਚ 11 ਫੌਜੀ ਮਾਰੇ ਗਏ

ਗੁਜਰਾਤ ਵਿਚ 11 ਸਿਖ ਫੌਜੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਨ੍ਹਾਂ ਫੌਜੀਆਂ ਨੇ ਪੂਨਾ ਨੇੜੇ ਫੌਜ ਛੱਡੀ ਸੀ। ਪੂਨਾ ਬੰਬਈ ਤੋਂ 75 ਮੀਲ ਤੇ ਦੱਖਣ ਪੂਰਬ ਵੱਲ ਸਥਿਤ ਹੈ।

## ਆਗਰਾ ਵਿਚ ਇਕ ਫੌਜੀ ਹਲਾਕ

ਦਿੱਲੀ ਤੋਂ 125 ਮੀਲ ਆਗਰੇ ਵਿਚ ਇਕ ਸਿਖ ਫੌਜੀ ਹਲਾਕ ਹੋਇਆ ਅਤੇ 34 ਆਤਮ-ਸਮਰਪਣ ਕਰ ਗਏ। ਇਹ ਉਸ ਟੁਕੜੀ ਵਿਚੋਂ ਸਨ ਜਿਨ੍ਹਾਂ ਨੇ ਬ੍ਰਗੇਡੀਅਰ ਆਰ. ਐਸ. ਪੁਰੀ ਦੇ ਰਾਮਗੜ੍ਹ(ਬਿਹਾਰ) ਵਿਚ ਗੋਲੀ ਮਾਰੀ ਸੀ।

## ਰਾਮਗੜ੍ਹ ਦੇ 75 ਫੌਜੀਆਂ ਵਲੋਂ ਆਤਮ-ਸਮਰਪਣ

ਮੱਧ ਪ੍ਰਦੇਸ਼ ਵਿਚ ਰਾਮਗੜ੍ਹ ਗੋਲੀ ਕਾਂਡ ਦੇ 75 ਸਿਖ ਫੌਜੀਆਂ ਨੇ ਆਤਮ-ਸਮਰਪਣ ਕਰ ਦਿਤਾ। ਸੋਮਵਾਰ ਤਿੰਨ ਫੌਜੀ ਹੋਰ ਮਾਰੇ ਗਏ ਸਨ। ਇਸ ਤਰ੍ਹਾਂ ਰਾਮਗੜ੍ਹ ਘਟਨਾ ਵਿਚ ਸ਼ਾਮਲ 29 ਸਿਖ ਫੌਜੀ ਮਾਰੇ ਗਏ ਹਨ।

ਅਗਰਤਲਾ ਵਿਚ ਵੀ 200 ਸਿੱਖ ਫੌਜੀਆਂ ਦੇ ਫੌਜ ਛੱਡ ਜਾਣ ਦੀ ਖਬਰ ਹੈ। ਲੈਫਟੀਨੈਂਟ ਜਨਰਲ ਓਬਰਾਏ ਨੇ ਕਿਹਾ ਕਿ ਹਾਲਾਤ ਕੰਟਰੋਲ ਹੇਠ ਹਨ।

## ਬਾਦਲ, ਬਰਨਾਲਾ ਗ੍ਰਿਫਤਾਰ ਕਰ ਲਏ ਗਏ

ਚੰਡੀਗੜ੍ਹ — ਮੰਗਲਵਾਰ ਨੂੰ ਚੰਡੀਗੜ੍ਹ ਤੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਖੇਤੀ ਮੰਤਰੀ ਸੁਰਜੀਤ ਸਿੰਘ ਬਰਨਾਲਾ ਗ੍ਰਿਫਤਾਰ ਕਰ ਲਏ ਗਏ।

ਗ੍ਰਿਫਤਾਰੀ ਤੋਂ ਪਹਿਲਾਂ ਸ: ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਬੇਅਦਬੀ ਲਈ ਉਹ ਪਸ਼ਚਾਤਾਪ ਕਰਨ ਅਤੇ ਐਤਵਾਰ ਨੂੰ ਕੋਈ ਪੰਜਾਬੀ ਅੱਗ ਨਾ ਬਾਲੇ ਅਤੇ ਉਸ ਦਿਨ ਸਾਰੇ ਲੋਕ ਮੰਜੀਆਂ ਦੀ ਥਾਂ ਧਰਤੀ ਤੇ ਸੌਣ।

ਸ: ਬਾਦਲ ਨੇ ਸਿਖ ਫੌਜੀਆਂ ਵਲੋਂ ਵੱਖ ਵੱਖ ਥਾਵਾਂ ਤੇ ਗੁੱਸਾ ਪ੍ਰਗਟਾਉਣ ਲਈ ਫੌਜ ਛੱਡਣ ਦੇ ਇਰਾਦੇ ਨੂੰ 'ਜੀਅ ਆਇਆਂ' ਕਿਹਾ ਸੀ ਜਿਸ ਕਾਰਨ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਸ: ਬਾਦਲ ਦੀ ਗ੍ਰਿਫਤਾਰੀ ਕੀਤੀ ਗਈ।

ਸ: ਬਾਦਲ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲਾ ਕਰਕੇ ਕੇਂਦਰ ਸਰਕਾਰ ਨੇ ਸਿਖ ਭਾਵਨਾਵਾਂ ਨੂੰ ਵੰਗਾਰਿਆ ਹੈ ਅਤੇ ਸਿਖ ਕੇਂਦਰ ਸਰਕਾਰ ਦੇ ਇਸ ਚੈਲਿੰਜ ਨੂੰ ਕਬੂਲ ਕਰਦੇ ਹਨ।

ਇਸੇ ਸਮੇਂ ਪਤਾ ਲੱਗਾ ਹੈ ਕਿ ਜਥੇਦਾਰ ਟੌਹੜਾ ਜੋਧਪੁਰ ਅਤੇ ਸੰਤ ਲੌਂਗੋਵਾਲ ਜੈਪੁਰ ਜੇਲ੍ਹਾਂ ਵਿਚ ਭੇਜ ਦਿਤੇ ਗਏ ਹਨ।

## ਖਾਲਿਸਤਾਨ ਸ਼੍ਰੋਮਣੀ ਅਕਾਲੀ ਦਲ ਦੀ ਕਦੇ ਮੰਗ ਨਹੀਂ ਰਹੀ — ਬਲਵੰਤ ਸਿੰਘ

ਚੰਡੀਗੜ੍ਹ — ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸ: ਬਲਵੰਤ ਸਿੰਘ ਨੇ ਇਥੇ ਇਕ ਬਿਆਨ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਭਾਰਤੀ ਫੌਜ ਦੇ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਜ਼ੁਲਮ ਵਿਰੁਧ ਲੜਾਈ ਜਾਰੀ ਰੱਖੀ ਜਾਵੇਗੀ।

ਸਾਬਕਾ ਵਿੱਤ ਮੰਤਰੀ ਨੇ ਖਾਲਿਸਤਾਨ ਬਾਰੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਨੰਦਪੁਰ ਮਤੇ ਲਈ ਲੜਾਈ ਲੜ ਰਿਹਾ ਹੈ ਅਤੇ ਪੰਜਾਬੀਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਦਾ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਦੀ ਮੰਗ ਸ਼੍ਰੋਮਣੀ ਅਕਾਲੀ ਦਲ ਨੇ ਕਦੇ ਨਹੀਂ ਕੀਤੀ ਅਤੇ ਜਦ ਹੁਣ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ ਆਗੂ ਜੇਲ੍ਹਾਂ ਵਿਚ ਹਨ - ਖਾਲਿਸਤਾਨ ਸਬੰਧੀ ਦਿਤੇ ਬਿਆਨਾਂ ਦਾ ਕੋਈ ਮਤਲਬ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਖ ਮਸਲਿਆਂ ਸਬੰਧੀ ਫੈਸਲੇ ਕਰਨ ਦਾ ਅਧਿਕਾਰ ਇਕੱਲੇ ਸ਼੍ਰੋਮਣੀ ਅਕਾਲੀ ਦਲ ਨੂੰ ਹੈ ਤੇ ਉਸੇ ਦੇ ਫੈਸਲੇ ਤੇ ਸਦਾ ਸਿਖ ਸੰਗਤਾਂ ਫੁੱਲ ਚੜ੍ਹਾਉਂਦੀਆਂ ਹਨ।

ROYAL new used FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

Ph: 874-9525

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਤੂਰ

# ਕੈਨੇਡਾ ਦਰਪਣ

## ਵੈਨਕੂਵਰ, ਟਰਾਂਟੋ, ਮੌਂਟਰੀਅਲ, ਵਿੱਨੀਪੈਗ, ਕੈਲਗਰੀ ਵਿਚ ਜ਼ਬਰਦਸਤ ਮੁਜ਼ਾਹਰੇ

ਵੈਨਕੂਵਰ — ਐਤਵਾਰ 10 ਜੂਨ ਨੂੰ ਵੈਨਕੂਵਰ ਦੇ ਡਾਊਨਟਾਊਨ ਵਿਚ ਇਕ ਭਾਰੀ ਮੁਜ਼ਾਹਰਾ ਹੋਇਆ ਜਿਸ ਵਿਚ ਗੁੱਸੇ ਨਾਲ ਭਰੇ ਲੋਕਾਂ ਨੇ ਨਾਅਰੇ ਲਾਏ, ਤਲਵਾਰਾਂ ਲਹਿਰਾਈਆਂ ਅਤੇ 'ਖੂਨ ਦਾ ਬਦਲਾ ਖੂਨ' ਲੈਣ ਦਾ ਪ੍ਰਣ ਕੀਤਾ।

ਇਹ ਮੁਜ਼ਾਹਰਾ ਵੈਨਕੂਵਰ ਦੀਆਂ ਪੰਜ ਗੁਰਦੁਆਰਾ ਕਮੇਟੀਆਂ ਵਲੋਂ ਆਯੋਜਤ ਕੀਤਾ ਗਿਆ। ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜ ਦੇ ਹਮਲੇ ਵਿਰੁਧ ਆਮ ਮੁਜ਼ਾਹਰਾਕਾਰੀਆਂ ਵਿਚ ਸਖਤ ਗੁੱਸਾ ਸੀ। ਰੌਬਸਨ ਸੁਕੇਅਰ ਵਿਚ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਨ ਵਾਲਿਆਂ ਵਲੋਂ ਇੰਦਰਾ ਕਾਂਗਰਸ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲਾ ਕਰਨ ਦੀ ਸਖਤ ਲਫਜ਼ਾਂ ਵਿਚ ਨਿੰਦਾ ਕੀਤੀ ਗਈ।

ਭਾਰਤੀ ਕੌਂਸਲੇਟ ਦੇ ਦਫਤਰ ਅੱਗੇ ਸ੍ਰੀਮਤੀ ਇੰਦਰਾ ਗਾਂਧੀ ਦਾ ਪੁਤਲਾ ਜਲਾਇਆ ਗਿਆ। ਜਲੂਸ ਵਿਚ ਸ਼ਾਮਲ ਮੁਜ਼ਾਹਰਾਕਾਰੀਆਂ ਨੇ ਕਾਲੀਆਂ ਪੱਗਾਂ ਜਾਂ ਕਾਲੇ ਬਿੱਲੇ ਲਾਏ ਹੋਏ ਸਨ। ਬੀਬੀਆਂ ਨੇ ਕਾਲੀਆਂ ਚੁੰਨੀਆਂ ਲਈਆਂ ਹੋਈਆਂ ਸਨ।

ਮੁਜ਼ਾਹਰਾਕਾਰੀਆਂ ਵਿਚ ਸ਼ਾਮਲ ਕੁਝ ਲੋਕ 'ਖਾਲਿਸਤਾਨ' ਦੇ ਨਾਅਰੇ ਵੀ ਲਾ ਰਹੇ ਸਨ।

'ਸਨ' ਅਖਬਾਰ ਨੇ ਆਪਣੀ ਮੁਜ਼ਾਹਰੇ ਦੀ ਰੀਪੋਰਟ ਵਿਚ ਲਿਖਿਆ ਹੈ ਕਿ ਇਕ ਵਿਅਕਤੀ ਨੇ ਕਿਹਾ ਕਿ ਸੰਤ ਭਿੰਡਰਾਂਵਾਲੇ ਵਾਂਗ ਕੈਨੇਡਾ ਵਿਚ ਵੀ 'ਹਿਟ ਲਿਸਟ' ਤਿਆਰ ਕੀਤੀ ਜਾਵੇ ਪਰ ਪੱਤਰਕਾਰ ਨੇ ਲਿਖਿਆ ਹੈ ਕਿ ਇਸ ਸਖਸ਼ ਨੇ ਆਪਣਾ ਨਾਂ ਦੱਸਣ ਤੋਂ ਇਨਕਾਰ ਕਰ ਦਿਤਾ।

ਐਤਵਾਰ ਨੂੰ ਸਾਰੇ ਭਾਰਤੀ ਸਟੋਰ ਰੋਸ ਵਜੋਂ ਬੰਦ ਰਹੇ।

### ਟਰਾਂਟੋ ਵਿਚ ਮੁਜ਼ਾਹਰਾ

ਟਰਾਂਟੋ ਵਿਚ 3000 ਮੁਜ਼ਾਹਰਾਕਾਰੀਆਂ ਨੇ ਮਾਰਚ ਕੀਤਾ। ਇੰਦਰਾ ਗਾਂਧੀ ਦਾ ਪੁਤਲਾ ਜਲਾਇਆ ਅਤੇ ਸਿਖ ਸਟੇਟ ਦੀ ਮੰਗ ਕੀਤੀ।

ਪਤਾ ਲੱਗਿਆ ਹੈ ਕਿ ਫੈਡਰੇਸ਼ਨ ਆਫ ਸਿੱਖ ਸੁਸਾਇਟੀਜ਼ ਆਫ ਕੈਨੇਡਾ ਨੇ 1000 ਵਿਅਕਤੀਆਂ ਸਾਹਮਣੇ ਮਤਾ ਰੱਖਿਆ ਕਿ ਕੈਨੇਡਾ ਵਿਚ ਹਿੰਦੂ ਵਪਾਰੀਆਂ ਦੇ ਸਟੋਰਾਂ ਦਾ ਬਾਈਕਾਟ ਕੀਤਾ ਜਾਵੇ। ਅਤੇ ਕੈਨੇਡਾ ਵਿਚਲੀਆਂ ਅਜਿਹੀਆਂ ਫਰਮਾਂ ਦਾ ਵੀ ਬਾਈਕਾਟ ਕੀਤਾ ਜਾਵੇ ਜੋ ਭਾਰਤ ਨਾਲ ਵਪਾਰ ਕਰਦੀਆਂ ਹਨ।

ਫੈਡਰੇਸ਼ਨ ਦੇ ਮੀਤ ਪ੍ਰਧਾਨ ਗੁਰਦੀਪ ਸਿੰਘ ਨਾਗਰਾ ਨੇ ਸੁਆਲ ਕੀਤਾ ਕਿ 'ਹਿੰਦੂ ਲੋਕ ਉਦੋਂ ਕਿਥੇ ਸਨ ਜਦੋਂ ਸਾਡੇ ਲੋਕ ਮਾਰੇ ਜਾ ਰਹੇ ਸਨ ?'

### ਮਾਂਟਰੀਅਲ ਵਿਚ 700 ਦਾ ਇਕੱਠ

ਮਾਂਟਰੀਅਲ ਵਿਚ 700 ਵਿਅਕਤੀਆਂ ਦਾ ਇਕੱਠ ਦੱਸਿਆ ਗਿਆ ਜਿਸਨੇ ਡਾਊਨ ਟਾਊਨ ਦੇ ਏਰੀਏ ਵਿਚ ਮਾਰਚ ਕੀਤਾ ਅਤੇ ਗੁੱਸੇ ਵਿਚ ਆਏ ਮੁਜ਼ਾਹਰਾਕਾਰੀਆਂ ਇੰਦਰਾ ਗਾਂਧੀ ਦਾ ਪੁਤਲਾ ਜਲਾਇਆ।

### ਕੈਲਗਰੀ ਵਿਚ ਭਾਰੀ ਮੁਜ਼ਾਹਰਾ

ਸ਼ੁਕਰਵਾਰ ਕੈਲਗਰੀ ਵਿਚ ਵੀ ਭਾਰੀ ਮੁਜ਼ਾਹਰਾ ਹੋਇਆ। ਲੋਕਾਂ ਨੇ ਕਾਲੇ ਬੈਜ ਪਾਏ ਹੋਏ ਸਨ ਅਤੇ ਪੈਂਦੇ ਮੀਂਹ ਵਿਚ ਵੀ ਲੋਕ ਮਾਰਚ ਕਰ ਰਹੇ ਸਨ।

ਕੈਲਗਰੀ ਸਿੱਖ ਸੁਸਾਇਟੀ ਦੇ ਇਕ ਬੁਲਾਰੇ ਨੇ ਕਿਹਾ ਹਰਿਮੰਦਰ ਸਾਹਿਬ ਸਾਡੇ ਲਈ ਉਨਾ ਹੀ ਪਵਿਤਰ ਹੈ ਜਿਨਾਂ ਕੈਥੋਲਿਕਾਂ ਲਈ ਰੋਮ ਅਤੇ ਮੁਸਲਮਾਨਾਂ ਲਈ ਮੱਕਾ। ਇਸ ਲਈ ਅਸੀਂ ਆਪਣੇ ਪਵਿਤਰ ਅਸਥਾਨ ਦੀ ਬੇਹੁਰਮਤੀ ਨਹੀਂ ਸਹਿ ਸਕਦੇ।

'ਗਲੋਬ ਐਂਡ ਮੇਲ' ਅਨੁਸਾਰ ਬਹੁਤੇ ਮੁਜ਼ਾਹਰਾਕਾਰੀਆਂ ਨੂੰ ਸੰਤ ਭਿੰਡਰਾਂਵਾਲੇ ਦੀਆਂ ਤਸਵੀਰਾਂ ਚੁਕੀਆਂ ਹੋਈਆਂ ਸਨ ਜਿਸ ਨੂੰ ਜਿਉਂਦਿਆਂ 'ਅਤਿਵਾਦੀ' ਕਿਹਾ ਜਾਂਦਾ ਸੀ ਪਰ ਜੋ ਫੌਜ ਦੇ ਹਮਲੇ ਪਿਛੋ 'ਸ਼ਹੀਦ' ਕਿਹਾ ਜਾਂਦਾ ਹੈ।

### ਟਰਾਂਟੋ ਵਿਚ ਮੁਸਲਮਾਨਾਂ ਨੇ ਹਿੱਸਾ ਲਿਆ

ਟਰਾਂਟੋ ਵਿਚ ਹੋਏ ਮੁਜ਼ਾਹਰੇ ਵਿਚ ਸੈਂਕੜੇ ਮੁਸਲਮਾਨਾਂ ਨੇ ਮੁਜ਼ਾਹਰੇ ਵਿਚ ਹਿਸਾ ਲਿਆ ਅਤੇ ਬੁਲਾਰਿਆਂ ਨੇ ਸਿੱਖ-ਮੁਸਲਿਮ ਏਕਤਾ ਦੇ ਨਾਅਰੇ ਲਾਏ।

ਮੁਜ਼ਾਹਰੇ ਵਿਚ ਸਾਬਕਾ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਨਜੀਤ ਸਿੰਘ ਵੀ ਬੋਲਿਆ।

'ਗਲੋਬ ਐਂਡ ਮੇਲ' ਅਨੁਸਾਰ ਦੋ ਸਿੱਖ ਵਿਅਕਤੀ ਅਖਬਾਰ ਦੀ ਰੀਪੋਰਟਰ ਕੋਲ ਆਏ ਤੇ ਰੀਪੋਰਟਰ ਨੂੰ ਕਿਹਾ ਕਿ ਹਰਿਮੰਦਰ ਸਾਹਿਬ ਤੇ ਹਮਲੇ ਦੀ ਸਾਰੀ ਸਿੱਖ ਕਮਿਊਨਿਟੀ ਨਿੰਦਾ ਕਰਦੀ ਹੈ ਪਰ ਜੋ ਕੁਝ ਲੋਕ ਭਾਰਤ ਤੋਂ ਵੱਖ ਹੋਣ ਦੀ ਗੱਲ ਕਰਦੇ ਹਨ, ਇਸਦਾ ਸਿੱਖਾਂ ਵਿਚ ਕੋਈ ਆਧਾਰ ਨਹੀਂ ਅਤੇ ਨਾ ਵੱਖ ਹੋਣਾ ਸਮੱਸਿਆ ਦਾ ਇਲਾਜ ਹੈ।

'ਪਰ ਹੁਣ ਸਾਨੂੰ ਇਕ ਆਵਾਜ਼ ਨਾਲ ਫੌਜੀ ਹਮਲੇ ਦੀ ਨਿੰਦਾ ਕਰਦੀ ਚਾਹੀਦੀ ਹੈ।'




ਵੈਨਕੂਵਰ ਵਿਚ ਪੰਜਾਂ ਗੁਰੂ ਘਰਾਂ ਵਲੋਂ ਮੁਜ਼ਾਹਰਾ

### ਸਿੱਖ ਕਮਿਊਨਿਟੀ ਦੇ ਨਾਉਂ ਬਿਆਨ

ਨਸਲਵਾਦ ਵਿਰੋਧੀ ਬੀ. ਸੀ. ਸੰਘਰਸ਼ ਸੰਮਤੀ (B.C. Organization to Fight Racism) ਨੂੰ ਭਾਰਤੀ ਫੌਜ ਵਲੋਂ ਹਰਿਮੰਦਰ ਸਾਹਿਬ ਤੇ ਕੀਤੇ ਹਮਲੇ ਨੂੰ ਜਾਣਕੇ ਬਹੁਤ ਸਦਮਾ ਪਹੁੰਚਿਆ ਹੈ। ਇਕ ਅਜਿਹੀ ਜਥੇਬੰਦੀ ਹੁੰਦਿਆਂ ਹੋਇਆਂ ਜਿਸਦਾ ਨਿਸ਼ਾਨਾ ਨਸਲਵਾਦ ਅਤੇ ਸਮਾਜੀ ਵਿਤਕਰੇ ਵਿਰੁਧ ਲੜਨਾ ਅਤੇ ਬੀ. ਸੀ. ਵਿਚ ਸਾਰੀਆਂ ਧਾਰਮਿਕ, ਐਥਨਿਕ ਅਤੇ ਕੌਮੀ ਘੱਟ ਗਿਣਤੀਆਂ ਦੇ ਜਮਹੂਰੀ ਅਤੇ ਮਨੁੱਖੀ ਹੱਕਾਂ ਲਈ ਲੜਨਾ ਹੈ, ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਇਹ ਅੱਛੀ ਤਰਾਂ ਜਾਣਦੀ ਹੈ ਕਿ ਸਰਕਾਰਾਂ ਨੂੰ ਸਾਰੇ ਲੋਕਾਂ ਦੀ ਧਾਰਮਿਕ ਆਜ਼ਾਦੀ ਦੀ ਇਜ਼ਤ ਕਰਨੀ ਚਾਹੀਦੀ ਹੈ।

ਅੱਜ ਇਕ ਬਿਆਨ ਜਾਰੀ ਕਰਦਿਆਂ ਸੰਘਰਸ਼ ਸੰਮਤੀ ਦੇ ਪ੍ਰਧਾਨ ਚਰਨਪਾਲ ਗਿੱਲ ਨੇ ਕਿਹਾ, "ਸੰਘਰਸ਼ ਸੰਮਤੀ ਸਾਡੇ ਬਾਰੇ ਸਿੱਖ ਭੈਣਾਂ ਤੇ ਭਰਾਵਾਂ ਨਾਲ ਹਰਿਮੰਦਰ ਸਾਹਿਕ ਦੇ ਅਪਮਾਨ ਅਤੇ ਸੈਂਕੜੇ ਲੋਕਾਂ ਨੂੰ ਮਾਰੇ ਜਾਣ ਤੇ ਤਹਿ ਦਿਲੋਂ ਦੁਖ ਪ੍ਰਗਟ ਕਰਦੀ ਹੈ। ਉਹਨਾਂ ਦਾ ਦੁਖ ਸਾਡਾ ਦੁੱਖ ਹੈ ਗਿੱਲ ਹੋਰਾਂ ਨੇ ਭਾਰਤੀ ਸਰਕਾਰ ਨੂੰ ਇਕ ਦਮ ਅਜਿਹੇ ਕਦਮ ਉਠਾਉਣ ਲਈ ਕਿਹਾ ਜਿਹਨਾਂ ਨਾਲ ਧਾਰਮਿਕ ਆਜ਼ਾਦੀ ਦੇ ਮਸਲੇ ਨੂੰ ਪਹੁੰਚਿਆ ਨੁਕਸਾਨ ਇਕ ਦਮ ਦਰੁਸਤ ਕੀਤਾ ਜਾ ਸਕੇ। ਉਹਨਾਂ ਨੇ ਆਸ ਪ੍ਰਗਟ ਕੀਤੀ ਕਿ ਅਜਿਹਾ ਹੱਲ ਲੱਭਿਆ ਜਾਵੇ ਜਿਹੜਾ ਕਿ ਸਾਰਿਆਂ ਲਈ ਨਿਆਂ ਪੂਰਬਕ ਹੋਵੇ।

"ਅੱਜ ਸਾਨੂੰ ਪਹਿਲਾਂ ਨਾਲੋਂ ਭੀ ਕਿਤੇ ਜ਼ਿਆਦਾ ਸਾਂਝੇ ਮਸਲਿਆਂ ਤੇ ਇਕੱਠੇ ਹੋਣ ਦੀ ਜ਼ਰੂਰਤ ਹੈ।" ਗਿੱਲ ਹੋਰਾਂ ਨੇ ਕਿਹਾ "ਸਾਨੂੰ ਇਹ ਇਜਾਜ਼ਤ ਨਹੀਂ ਦੇਣੀ ਚਾਹੀਦੀ ਕਿ ਭਾਰਤੀ ਸਰਕਾਰ ਦੀਆਂ ਕਰਤੂਤਾਂ ਕੈਨੇਡਾ ਵਿਚ ਭਾਰਤੀ ਕਮਿਊਨਿਟੀ ਦੇ ਸਾਂਝੇ ਘੋਲਾਂ ਨੂੰ ਕਮਜ਼ੋਰ ਕਰ ਸਕਣ ਸਕੂਲਾਂ ਵਿਚ ਪਿਛੇ ਜਿਹੇ ਅੰਗਰੇਜ਼ੀ ਬੋਲੀ ਦੇ ਸਿਖਾਏ (English as a second language) ਜਾਣ ਵਿਚ ਕੀਤੀ ਕਟੌਤੀ, ਅਤੇ ਬੀ. ਸੀ. ਵਿਚ ਮਨੁੱਖੀ ਹੱਕਾਂ ਪ੍ਰਤੀ ਕੀਤੇ ਗਏ ਸਰਕਾਰੀ ਹਮਲੇ ਅਤੇ ਸਮਾਜਕ ਸੇਵਾਵਾਂ ਵਿਚ ਕੀਤੀਆਂ ਕਟੌਤੀਆਂ ਦੀਆਂ ਉਦਾਹਰਣਾਂ ਦਿੰਦੇ ਹੋਏ ਚਰਨ ਪਾਲ ਗਿੱਲ ਨੇ ਕਿਹਾ ਕਿ ਸਾਰੇ ਇੰਡੋ-ਕਨੇਡੀਅਨ, ਬੇਸ਼ੱਕ ਉਹ ਸਿਖ ਹਨ, ਹਿੰਦੂ ਹਨ, ਮੁਸਲਮਾਨ ਹਨ ਜਾਂ ਕਰਿਸ਼ਚਨ, ਬੀ. ਸੀ. ਸਰਕਾਰ ਵਲੋਂ ਧਾਰਮਿਕ ਆਜ਼ਾਦੀਆਂ ਅਤੇ ਮਨੁੱਖੀ ਹੱਕਾਂ ਤੇ ਕੀਤੇ ਗਏ ਹਮਲਿਆਂ ਵਿਰੁਧ ਇਕ ਮੁੱਠ ਹਨ।

### ਪ੍ਰਧਾਨ ਮੰਤਰੀ ਟਰੂਡੋ ਜੋ 16 ਸਾਲ ਪ੍ਰਧਾਨ ਮੰਤਰੀ ਰਹਿਣ ਪਿਛੋਂ ਅੱਜ ਰੀਟਾਇਰ ਹੋ ਰਹੇ ਹਨ



JIM PATTISON
Pontiac Buick GMC TRUCKS



JIM PATTISON ON MAIN
SERVICE AFTER SALE

GM

1984 ਦੀਆਂ ਨਵੀਆਂ ਕੈਡਲਿਕ ਖਰੀਦੋ
ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ
PARLAD GILL



BUS. 879-4233 3434 MAIN ST. VANCOUVER, B.C. RES. 435-1834

# ਪੰਜਾਬ ਵਿਚ ਕਤਲੋ ਗਾਰਤ ਬੰਦ ਹੋ ਗਈ

ਚੰਡੀਗੜ੍ਹ — ਸਾਡੇ ਪੱਤਰ ਪਰੇਰਕ ਅਨੁਸਾਰ ਸੋਮਵਾਰ ਤੋਂ ਪਿਛੋਂ ਪੰਜਾਬ ਵਿਚ ਕਿਸੇ ਹਿੰਸਾਤਮਕ ਘਟਨਾ ਦੀ ਖਬਰ ਨਹੀਂ ਹੈ। ਹਵਾਈ ਸੇਵਾਵਾਂ ਨਵੀਂ ਦਿੱਲੀ ਤੋਂ ਚੰਡੀਗੜ੍ਹ ਅਤੇ ਨਵੀਂ ਦਿੱਲੀ ਤੋਂ ਲੁਧਿਆਣਾ ਅਰੰਭ ਹੋ ਗਈਆਂ ਹਨ।

ਇਸੇ ਦੌਰਾਨ ਜਿਥੇ ਸਰਕਾਰੀ ਖਬਰਾਂ ਅਨੁਸਾਰ 450 ਵਿਅਕਤੀ ਹਲਾਕ ਹੋਏ ਦੱਸੇ ਗਏ ਹਨ - ਉਥੇ ਐਸੋਸੀਏਟਿਡ ਪ੍ਰੈਸ ਦੇ ਨੁਮਾਇੰਦੇ ਨੇ ਕਿਹਾ ਹੈ ਕਿ ਅੰਮ੍ਰਿਤਸਰ ਵਿਚ 2 ਜੂਨ ਤੋਂ ਪਿਛੋਂ 1220 ਮੌਤਾਂ ਹੋਈਆਂ ਹਨ। ਅਚੰਭੇ ਦੀ ਗੱਲ ਇਹ ਹੈ ਕਿ ਐਸੋਸੀਏਟਿਡ ਪ੍ਰੈਸ ਦਾ ਇਹ ਨੁਮਾਇੰਦਾ ਅੰਮ੍ਰਿਤਸਰ ਵਿਚ 2 ਜੂਨ ਤੋਂ ਲੁਕ ਕੇ ਰਹਿ ਰਿਹਾ ਹੈ। ਜਦੋਂ ਬਦੇਸ਼ੀ ਪੱਤਰਕਾਰ ਅੰਮ੍ਰਿਤਸਰ ਵਿਚੋਂ ਕੱਢੇ ਗਏ ਤਾਂ ਇਹ ਨੁਮਾਇੰਦਾ ਕਿਸੇ ਥਾਂ ਲੁਕ ਗਿਆ। ਬਾਹਰਲੇ ਪ੍ਰੈਸ ਲਈ ਏਸੇ ਨੁਮਾਇੰਦੇ ਨੇ ਖਬਰਾਂ ਭੇਜੀਆਂ।

ਇਕ ਹਜ਼ਾਰ ਸਿਖ ਮਰਦ, ਔਰਤਾਂ ਤੇ ਬੱਚੇ ਸ਼ਹੀਦ ਹੋਏ ਦੱਸੇ ਗਏ ਹਨ ਜਦ ਕਿ 220 ਫੌਜੀ ਜਵਾਨ ਮਾਰੇ ਗਏ ਹਨ। ਸਰਕਾਰੀ ਸੂਤਰ ਫੌਜੀ ਜਵਾਨਾਂ ਦੀ ਗਿਣਤੀ 90 ਦੱਸਦੇ ਹਨ।

ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲੇ ਸਮੇਂ 100 ਦੇ ਕਰੀਬ ਬੀਬੀਆਂ(ਕਈ ਏਜੰਸੀਆਂ ਨੇ ਇਹ ਗਿਣਤੀ 200 ਦੱਸੀ ਹੈ) ਅਤੇ 20 ਬੱਚੇ(ਕਈ ਏਜੰਸੀਆਂ ਇਹ ਗਿਣਤੀ 80 ਦੱਸ ਰਹੀਆਂ ਹਨ) ਫੌਜੀ ਹਮਲੇ ਦਾ ਸ਼ਿਕਾਰ ਹੋਣ ਵਾਲਿਆਂ ਵਿਚ ਸਨ।

ਬਰਗੇਡੀਅਰ ਜੁਨੇਜ਼ਾ ਨੇ ਕਿਹਾ, 'ਬੱਚਿਆਂ ਦੇ ਮਾਰੇ ਜਾਣ ਦਾ ਸਵਾਲ ਹੀ ਨਹੀਂ ਉਠਦਾ ਜਦੋਂ ਕਿ ਉਸ ਸਮੇਂ ਉਥੇ ਬੱਚੇ ਹੀ ਨਹੀਂ ਸਨ।'

ਬਰਗੇਡੀਅਰ ਜੁਨੇਜ਼ਾ ਨੇ ਕਿਹਾ ਕਿ ਬਜ਼ੁਰਗ ਬੰਦਿਆਂ, ਔਰਤਾਂ ਤੇ ਬੱਚਿਆਂ ਨੂੰ ਲਾਊਡ ਸਪੀਕਰਾਂ ਤੇ ਕਿੰਨੇ ਹੀ ਘੰਟੇ ਖਬਰਦਾਰ ਕੀਤਾ ਜਾਂਦਾ ਰਿਹਾ ਕਿ ਉਹ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਬਾਹਰ ਚਲੇ ਜਾਣ। ਹਮਲਾ ਹੋਣ ਤੋਂ ਪਹਿਲਾਂ ਕਾਫੀ ਵਿਅਕਤੀ ਕੰਪਲੈਕਸ ਤੋਂ ਬਾਹਰ ਚਲੇ ਗਏ ਸਨ।

ਬਰਗੇਡੀਅਰ ਜੁਨੇਜ਼ਾ ਨੇ ਕਿਹਾ ਕਿ ਔਰਤਾਂ ਜ਼ਰੂਰ ਉਥੇ ਸਨ ਪਰ ਉਹ ਉਨ੍ਹਾਂ ਜਥਿਆਂ ਨਾਲ ਰਲੀਆਂ ਹੋਈਆਂ ਸਨ ਜੋ ਅੰਦਰੋਂ ਗੋਲੀ ਚਲਾ ਰਹੇ ਸਨ।

ਭਾਰਤ ਦੇ ਇਤਿਹਾਸ ਵਿਚ ਇਸ ਤਰ੍ਹਾਂ ਦਾ ਕਤਲੇਆਮ ਪਹਿਲਾਂ ਕਦੇ ਨਹੀਂ ਹੋਇਆ। 1919 ਦੇ ਜਲ੍ਹਿਆਂਵਾਲਾ ਬਾਗ ਕਾਂਡ ਵਿਚ ਵੀ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ 400 ਤੋਂ ਘੱਟ ਸੀ।

# ਸ: ਖੁਸ਼ਵੰਤ ਸਿੰਘ ਨੇ ਪਦਮ ਭੂਸ਼ਨ ਦਾ ਖਿਤਾਬ ਵਾਪਸ ਕਰ ਦਿਤਾ

ਅੰਮ੍ਰਿਤਸਰ—ਸ: ਖੁਸ਼ਵੰਤ ਸਿੰਘ ਨੇ ਰਾਸ਼ਟਰਪਤੀ ਭਵਨ ਜਾ ਕੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਪਦਮ ਭੂਸ਼ਨ ਦਾ ਖਿਤਾਬ ਵਾਪਸ ਕਰ ਦਿਤਾ ਹੈ। ਸ: ਖੁਸ਼ਵੰਤ ਸਿੰਘ ਪ੍ਰਸਿੱਧ ਪੱਤਰਕਾਰ ਦੇ ਤੌਰ ਤੇ ਸਨਮਾਨਿਆ ਹੋਇਆ 'ਹਿੰਦੁਸਤਾਨ ਟਾਈਮਜ਼' ਦਾ ਐਡੀਟਰ ਹੈ ਜਿਸਨੂੰ ਕਾਂਗਰਸੀ 'ਅਕਾਲੀ' ਸਮਝਦੇ ਹਨ ਅਤੇ ਅਕਾਲੀ 'ਕਾਂਗਰਸੀ' ਕਹਿੰਦੇ ਹਨ।

ਸ: ਖੁਸ਼ਵੰਤ ਸਿੰਘ ਨੇ ਇਹ ਖਿਤਾਬ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਕਾਰਨ ਦਿਤਾ ਹੈ। ਉਸਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ 'ਅਤਿਵਾਦੀਆਂ' ਨਾਲ ਨਿਪਟਣ ਲਈ ਹੋਰ ਸਾਧਨ ਵਰਤੇ ਜਾਣੇ ਚਾਹੀਦੇ ਸਨ ਨਾ ਕਿ ਸ੍ਰੀ ਅਕਾਲ ਤਖਤ ਸਾਹਿਬ, ਜੋ ਸਭ ਸਿੱਖਾਂ ਦਾ ਪਵਿਤਰ ਗੁਰਧਾਮ ਹੈ, ਉਸਤੇ ਫੌਜੀ ਹਮਲਾ ਕੀਤਾ ਜਾਂਦਾ।

ਯਾਦ ਰਹੇ ਕਿ ਖੁਸ਼ਵੰਤ ਸਿੰਘ ਵੀ ਅਖੌਤੀ 'ਹਿਟ ਲਿਸਟ' ਤੇ ਦੱਸਿਆ ਜਾਂਦਾ ਸੀ।

# ਚੰਡੀਗੜ੍ਹ ਵਿਚੋਂ ਕਰਫੀਊ ਚੁਕ ਲਿਆ ਗਿਆ

10 ਜੂਨ ਨੂੰ ਚੰਡੀਗੜ੍ਹ ਵਿਚੋਂ ਕਰਫੀਊ ਚੁੱਕ ਦਿਤਾ ਗਿਆ ਹੈ ਅਤੇ ਹਵਾਈ ਸਰਵਿਸ ਸ਼ੁਰੂ ਹੋ ਗਈ ਹੈ। ਚੰਡੀਗੜ੍ਹ ਨੂੰ ਰੇਲਾਂ ਦੀ ਆਵਾਜਾਈ ਵੀ ਆਰੰਭ ਹੋ ਗਈ ਹੈ।

## ਜਲੰਧਰ ਤੋਂ ਬੱਸਾਂ ਚੱਲੀਆਂ

ਕਰਫੀਊ ਕਾਰਨ ਦੇਸ਼ ਦੇ ਵੱਖ ਵੱਖ ਹਿਸਿਆਂ ਤੋਂ ਆਏ 500 ਯਾਤਰੀ ਜਲੰਧਰ ਵਿਚ ਹੀ ਘਿਰ ਗਏ ਸਨ ਅਤੇ ਉਨ੍ਹਾਂ ਨੂੰ ਪੂਰਾ ਹਫਤਾ ਜਲੰਧਰ ਵਿਚ ਹੀ ਰੁਕਣਾ ਪਿਆ। 10 ਜੂਨ ਨੂੰ ਬੱਸਾਂ ਰਾਹੀਂ ਉਨ੍ਹਾਂ ਯਾਤਰੀਆਂ ਨੂੰ ਜਾਣ ਦੀ ਇਜ਼ਾਜ਼ਤ ਦੇ ਦਿਤੀ ਗਈ।

ਬਾਕੀ ਪਾਬੰਦੀਆਂ ਪੰਜਾਬ ਵਿਚ ਉਵੇਂ ਲਾਗੂ ਹਨ। ਅੰਮ੍ਰਿਤਸਰ ਵਿਚ ਗੱਡੀਆਂ ਅਤੇ ਬੱਸਾਂ ਅਜੇ ਵੀ ਬੰਦ ਹਨ। ਖਬਰਾਂ ਉਤੇ ਪਾਬੰਦੀ ਲਾਗੂ ਹੈ ਅਤੇ ਹਵਾਈ ਸੇਵਾਵਾਂ ਵੀ ਅਜੇ ਸ਼ੁਰੂ ਨਹੀਂ ਕੀਤੀਆਂ ਗਈਆਂ।

# ਲਾਸ਼ਾਂ ਦਾ ਸਸਕਾਰ ਕਰ ਦਿਤਾ ਗਿਆ — ਪੰਜਾਬ ਵਿਚ ਖਬਰਾਂ ਤੇ ਅਜੇ ਵੀ ਪਾਬੰਦੀ

ਅੰਮ੍ਰਿਤਸਰ — ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਪਿਛਲੇ ਹਫਤੇ 800 ਵਿਅਕਤੀ ਹਲਾਕ ਹੋਏ ਅਤੇ 200 ਫੌਜੀ ਸਿਪਾਹੀ ਵੀ ਮਰੇ। ਹਰਿਮੰਦਰ ਸਾਹਿਬ ਕੰਪਲੈਕਸ ਤੇ ਹਮਲੇ ਸਮੇਂ ਸੈਂਕੜੇ ਲੋਕ ਇਸ ਲੜਾਈ ਵਿਚ ਜ਼ਖਮੀ ਹੋਏ।

ਫੌਜੀ ਸੂਤਰਾਂ ਅਨੁਸਾਰ ਮੰਗਲਵਾਰ ਤੇ ਬੁੱਧਵਾਰ 400 ਵਿਅਕਤੀ ਹਲਾਕ ਹੋਏ ਸਨ ਅਤੇ 80 ਫੌਜੀ ਸਿਪਾਹੀ ਵੀ ਮਾਰੇ ਗਏ ਸਨ।

ਫੌਜੀ ਅਤੇ ਪੁਲਸ ਸੂਤਰਾਂ ਅਨੁਸਾਰ 780 ਲਾਸ਼ਾਂ ਬਰਾਮਦ ਹੋਈਆਂ ਜਿਨ੍ਹਾਂ ਦਾ 50,50 ਕਰਕੇ ਅੰਤਮ ਸਸਕਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ 500 ਫੌਜੀ ਇਸ ਹਮਲੇ ਸਮੇਂ ਜ਼ਖਮੀ ਹੋਏ।

## ਹਮਲਾ ਦੋ ਵਾਰ ਪਛਾੜਿਆ ਗਿਆ

ਸੂਤਰਾਂ ਅਨੁਸਾਰ ਹਰਿਮੰਦਰ ਸਾਹਿਬ ਦੇ ਕੰਪਲੈਕਸ ਅੰਦਰੋਂ ਚਲਦੀਆਂ ਗੋਲੀਆਂ ਕਾਰਨ ਫੌਜੀ ਦਸਤਿਆਂ ਨੂੰ ਦੋ ਵਾਰ ਪਿਛੇ ਹਟਣਾ ਪਿਆ। ਭਾਰਤੀ ਫੌਜ ਦਾ ਇਕ ਟੈਂਕ ਅਤੇ ਇਕ ਆਰਮਡ ਕਾਰ ਤਬਾਹ ਹੋਏ। ਹਰਿਮੰਦਰ ਸਾਹਿਬ ਦੇ ਕੰਪਲੈਕਸ ਅੰਦਰੋਂ ਬੈਲਜੀਅਮ ਦੀ ਬਣੀ ਹੋਈ ਐਂਟੀ-ਟੈਂਕ ਮੀਜ਼ਾਈਲ ਵਰਤੀ ਗਈ।

ਐਸੋਸੀਏਟਿਡ ਪ੍ਰੈਸ ਨੇ ਕਿਹਾ ਕਿ ਜਦੋਂ ਕੁਝ ਵਿਅਕਤੀ ਫੌਜ ਸਾਹਮਣੇ ਆਪਣੇ ਆਪ ਨੂੰ ਪੇਸ਼ ਕਰਨ ਲੱਗੇ ਤਾਂ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸ਼ਰਧਾਲੂਆਂ ਨੇ ਉਨ੍ਹਾਂ ਤੇ ਗੋਲੀਆਂ ਚਲਾਈਆਂ ਜਿਨ੍ਹਾਂ ਨਾਲ ਕਾਫੀ ਵਿਅਕਤੀ ਹਲਾਕ ਹੋਏ।

ਭਿੰਡਰਾਂਵਾਲਾ ਦੀ ਮ੍ਰਿਤਕ ਦੇਹ ਸ੍ਰੀ ਅਕਾਲ ਤਖਤ ਸਾਹਿਬ ਵਿਚੋਂ ਲੱਭੀ।

## ਸੰਤ ਲੌਂਗੋਵਾਲ ਤੇ ਟੌਹੜਾ ਤੇ ਹਮਲਾ

ਏਜੰਸੀ ਨੇ ਇਹ ਖਬਰ ਵੀ ਦਿਤੀ ਹੈ ਕਿ ਸੰਤ ਭਿੰਡਰਾਂਵਾਲਾ ਦੇ ਸ਼ਰਧਾਲੂਆਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਤਿੰਨ ਵਾਰ ਕਤਲ ਕਰਨ ਲਈ ਹਮਲੇ ਕੀਤੇ। ਇਹ ਸੂਚਨਾ ਅੰਮ੍ਰਿਤਸਰ ਦੇ ਪੁਲਸ ਸੁਪਰਡੈਂਟ ਸੀਤਲ ਦਾਸ ਨੇ ਦਿਤੀ।



# ਪਾਕਿਸਤਾਨੀ ਬਾਰਡਰ ਤੇ ਫੌਜਾਂ ਤਿਆਰ

ਇਕ ਸੀਨੀਅਰ ਭਾਰਤੀ ਫੌਜ ਅਧਿਕਾਰੀ ਨੇ ਕਿਹਾ ਹੈ ਕਿ ਪਾਕਿਸਤਾਨ ਨਾਲ ਲੱਗਦੀ ਸਾਰੀ ਸਰਹੱਦ ਤੇ ਭਾਰਤੀ ਫੌਜਾਂ ਤਾਇਨਾਤ ਕਰ ਦਿਤੀਆਂ ਗਈਆਂ ਹਨ ਕਿਉਂਕਿ ਸੰਭਵ ਹੈ ਕਿ ਪੰਜਾਬ ਦੀ ਵਿਗੜੀ ਹਾਲਤ ਤੋਂ ਪਾਕਿਸਤਾਨ ਲਾਭ ਉਠਾਉਣ ਦੀ ਕੋਸ਼ਿਸ਼ ਕਰੇ। ਭਾਰਤ ਅਤੇ ਪਾਕਿਸਤਾਨ 1947 ਤੋਂ ਪਿਛੋਂ ਤਿੰਨ ਵਾਰ ਲੜਾਈ ਕਰ ਚੁਕੇ ਹਨ ਪਰ ਅੱਜ ਕੱਲ੍ਹ ਦੋਹਾਂ ਵਿਚ ਸਦਭਾਵਨਾ ਦਾ ਵਾਤਾਵਰਣ ਉਸਾਰਿਆ ਜਾ ਰਿਹਾ ਹੈ।

# ਅਫ਼ਵਾਹਾਂ ਤੋਂ ਬਚੋ!

1. ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸ: ਕ੍ਰਿਪਾਲ ਸਿੰਘ ਅਤੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਸਾਹਿਬ ਸਿੰਘ ਦੀ ਸ਼ਹਾਦਤ ਬਾਰੇ ਖਬਰਾਂ ਨਿਰਮੂਲ ਸਾਬਤ ਹੋਈਆਂ ਹਨ।
2. ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਦੇ ਮਾਰੇ ਜਾਣ ਦੀ ਖਬਰ ਵੀ ਝੂਠੀ ਸਾਬਤ ਹੋਈ ਹੈ।
3. ਪੰਜਾਬ ਦੇ ਗਵਰਨਰ ਬੀ. ਡੀ. ਪਾਂਡੇ ਦੇ ਮਾਰੇ ਜਾਣ ਦੀ ਖਬਰ ਵੀ ਗ਼ਲਤ ਹੈ।
4. ਗਿਆਨੀ ਜ਼ੈਲ ਸਿੰਘ ਦੇ ਅਸਤੀਫੇ ਜਾਂ ਨਜ਼ਰਬੰਦੀ ਬਾਰੇ ਪਰਚਾ ਛੱਪਣ ਤੱਕ ਕੋਈ ਪੁਸ਼ਟੀ ਵਾਲੀ ਖਬਰ ਨਹੀਂ ਹੈ।

---

ਕਿਸੇ ਦੇ ਇਹ ਪੱਲੇ ਪਾਉਂਦੀ
ਜ਼ਿੱਲਤਾਂ, ਖ਼ੁਆਰ ਹੋਣਾ,
ਕਿਸੇ ਨੂੰ ਇਹ ਸਾਂਭ ਦਿੰਦੀ
ਸਾਰਾ ਸੰਸਾਰ।


# ਫਾਰਮ ਕਾਮਿਆਂ ਲਈ ਖੁਸ਼ਖ਼ਬਰੀ

## ਪੂਰੇ ਸੀਜ਼ਨ ਲਈ ਕੰਮ ਦੀ ਗਰੰਟੀ

- ਰਸ ਬੇਰੀ
- ਸਟਰਾਅ ਬੇਰੀ
- ਬਲੂ ਬੇਰੀ

## ਹੋਰ ਸਹੂਲਤਾਂ :

- ਹਰ ਹਫਤੇ ਚੈੱਕ ਤੁਹਾਨੂੰ ਮਿਲੇਗੀ
- 4% ਹੌਲੀਡੇ ਪੇ
- ਕੀਤੇ ਕੰਮ ਦੀਆਂ ਸਟੈਂਪਾਂ ਦੀ ਗਰੰਟੀ

ਇਹ ਸਹੂਲਤਾਂ ਤੁਹਾਨੂੰ ਸਾਥੋਂ ਹੀ ਮਿਲ ਸਕਦੀਆਂ ਹਨ
ਅੱਜ ਹੀ ਫੂਨ ਕਰੋ ਤਾਂ ਕਿ ਤੁਹਾਨੂੰ ਮਾਯੂਸੀ ਦਾ ਸਾਹਮਣਾ ਨਾ ਕਰਨਾ ਪਵੇ।

ਸੁਰਜੀਤ ਰੰਧਾਵਾ 325-7072

ਸਰਵਨ ਰੰਧਾਵਾ 873-9036



# S. & S. INSURANCE

**6658 Main St. Vancouver**

ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ
ਇੰਨਸ਼ੋਰੈਂਸ ਦਫਤਰ

ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੌਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE

* FINANCING AVAILABLE
* SAFE DRIVING DISCOUNT (if eligible)

**Ph. 324-5711**



ਹਰਦੇਵ ਸਿੰਘ ਗਿੱਲ

324-5711

# THE CANADA DARPAN

**P.O.BOX 67344 STN. 'O'**
**Vancouver, B.C. V5W 3T1**

**Chief Editor(Hon.) : DARSHAN GILL**
**Editor : HARBHAJAN SINGH DEOL**
**PHONE : (604)321-6360**

**All Officeholders of CANADA DARPAN are honorary associates**



**'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।**


## ਸੰਪਾਦਕੀ

# ਪੱਛਮੀ ਮੀਡੀਆ ਅਤੇ ਪੰਜਾਬ ਦੀ ਸਮੱਸਿਆ

ਇਹ ਫਿਕਰ ਹਮੇਸ਼ਾਂ ਘੱਟ ਗਿਣਤੀਆਂ ਨੂੰ ਹਰ ਮੁਲਕ ਵਿਚ ਰਹਿੰਦਾ ਹੈ ਕਿ ਬਹੁਗਿਣਤੀ ਉਨ੍ਹਾਂ ਦੀ ਸਮੱਸਿਆਵਾਂ ਨੂੰ ਹਮੇਸ਼ਾਂ ਨਜ਼ਰਅੰਦਾਜ਼ ਕਰਦੀ ਹੈ ਤੇ ਇਹ ਤੱਥ ਬਹੁਤ ਹੱਦ ਤੱਕ ਸਹੀ ਹੈ। ਜਦ ਤੋਂ ਪੰਜਾਬ ਵਿਚ ਦਹਿਸ਼ਤਪਸੰਦ ਕਾਰਵਾਈਆਂ ਅਰੰਭ ਹੋਈਆਂ ਹਨ, ਉਸੇ ਸਮੇਂ ਤੋਂ ਪੰਜਾਬ ਦੀ ਸਮੱਸਿਆ ਨੂੰ ਪੱਛਮੀ ਮੀਡੀਆ ਵੱਖ ਵੱਖ ਦ੍ਰਿਸ਼ਟੀਕੋਨਾਂ ਤੋਂ ਪੇਸ਼ ਕਰਨ ਲੱਗਾ ਹੈ। ਬਹੁ ਗਿਣਤੀ ਅੰਗਰੇਜ਼ ਪੰਜਾਬ ਦੀ ਦਹਿਸ਼ਤਪਸੰਦੀ ਨੂੰ ਅੰਤਰਰਾਸ਼ਟਰੀ ਦਹਿਸ਼ਤਪਸੰਦੀ ਦੇ ਰੂਪ ਵਿਚ ਦੇਖਣ ਲੱਗਾ ਹੈ। ਇਸ ਹਫਤੇ ਦੇ ਸਾਰੇ ਅੰਗਰੇਜ਼ੀ ਹਫਤੇਵਾਰ ਅਖਬਾਰਾਂ ਅਤੇ ਰੋਜ਼ਾਨਾ ਅਖਬਾਰਾਂ ਨੂੰ ਪੰਜਾਬ ਦੀਆਂ ਦੁਰਭਾਗਪੂਰਣ ਘਟਨਾਵਾਂ ਨੂੰ ਕੌਮਾਂਤਰੀ ਪੱਧਰ ਤੇ ਫੈਲੇ ਹੋਏ ਦਹਿਸ਼ਤਪਸੰਦੀ ਦੇ ਰੂਪ ਵਿਚ ਹੀ ਪ੍ਰਗਟ ਕੀਤਾ ਹੈ। ਇਹ ਹਰ ਘੱਟ ਗਿਣਤੀ ਦਾ ਹੱਕ ਹੈ ਕਿ ਸੰਵਿਧਾਨਕ ਢੰਗ ਨਾਲ ਉਹ ਬਹੁ ਗਿਣਤੀ ਨੂੰ ਅਹਿਸਾਸ ਕਰਾਵੇ ਕਿ ਉਸ ਨਾਲ ਜ਼ੁਲਮ ਹੋ ਰਿਹਾ ਹੈ।

ਭਾਰਤ ਦੀ ਕੇਂਦਰ ਸਰਕਾਰ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲਾ ਕਰਕੇ ਸਿੱਖ ਭਾਵਨਾਵਾਂ ਦਾ ਅਪਮਾਨ ਕੀਤਾ ਹੈ ਜਦ ਕਿ ਪੰਜਾਬੀਆਂ ਦੀਆਂ ਸਾਂਝੀਆਂ ਅਤੇ ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਸਹਿਜੇ ਹੀ ਸੁਲਝਾਇਆ ਜਾ ਸਕਦਾ ਸੀ। ਪੰਜਾਬੀ ਕਮਿਊਨਿਟੀ ਸਮੁਚੇ ਸੰਸਾਰ ਵਿਚ ਫੈਲੀ ਹੋਣ ਕਾਰਨ ਅਜਿਹੇ ਹਮਲੇ ਵਿਰੁਧ ਗੁੱਸੇ ਦਾ ਪ੍ਰਗਟਾ ਲਾਜ਼ਮੀ ਹੋਣਾ ਸੀ। ਪਰ ਪੱਛਮੀ ਮੀਡੀਏ ਨੇ ਇਸ ਗੁੱਸੇ ਦੇ ਪ੍ਰਗਟਾ ਨੂੰ ਵੀ ਸਹੀ ਰੂਪ ਵਿਚ ਸਮਝਣ ਦੀ ਥਾਂ ਵੱਖ ਵੱਖ ਇਲਜ਼ਾਮ ਲਗਾਉਣ ਦੀ ਕੋਸ਼ਿਸ਼ ਕੀਤੀ ਹੈ।

ਹਿੰਸਾ ਕਿਸੇ ਵੀ ਰੂਪ ਵਿਚ ਬਰਦਾਸ਼ਤ ਕਰਨੀ ਅਸੰਭਵ ਹੈ। ਚਾਹੇ ਹਿੰਸਾ ਬਹੁਗਿਣਤੀ ਘੱਟ ਗਿਣਤੀ ਤੇ ਕਰੇ ਤੇ ਜਾਂ ਘੱਟ ਗਿਣਤੀ ਬਹੁ ਗਿਣਤੀ ਉਤੇ। ਪੱਛਮੀ ਮੀਡੀਆ ਤੇ ਪੱਛਮੀ ਸਰਕਾਰਾਂ ਅੱਗੇ ਵੀ ਭਾਰਤ ਦੀਆਂ ਸਮੱਸਿਆਵਾਂ ਦੀਆਂ ਖਿਲੀ ਉਡਾਉਂਦੀਆਂ ਹਨ ਅਤੇ ਇਹੀ ਮੀਡੀਆ ਹੁਣ ਇਹ ਕਹਿ ਰਿਹਾ ਹੈ ਕਿ ਇਹ ਸਮੱਸਿਆ ਪੰਜਾਬ ਦੀ ਹੈ ਜਾਂ ਭਾਰਤ ਸਰਕਾਰ ਤੇ ਪੰਜਾਬੀਆਂ ਦੀ — ਇਸ ਨੂੰ ਪੱਛਮੀ ਦੇਸ਼ਾਂ ਦੀ ਜ਼ਿੰਦਗੀ ਵਿਚ ਖਲਲ ਪਾਉਣ ਲਈ ਕਿਉਂ ਵਰਤਿਆ ਜਾ ਰਿਹਾ ਹੈ। ਜਿਨ੍ਹਾਂ ਲੋਕਾਂ ਦੀਆਂ ਸਭਿਆਚਾਰਕ ਤੰਦਾਂ ਆਪਣੇ ਪਿਛੋਕੜ ਨਾਲ ਜੁੜੀਆਂ ਹੋਈਆਂ ਹੋਣ ਉਨ੍ਹਾਂ ਲਈ ਆਪਣੇ ਸਭਿਆਚਾਰ ਤੋਂ, ਬੋਲੀ ਤੋਂ, ਮਜ਼ਬ੍ਹ ਤੋਂ ਵੱਖ ਹੋਣਾ ਹਮੇਸ਼ਾਂ ਅਸਹਿ ਹੁੰਦਾ ਹੈ।

ਪੱਛਮੀ ਦੇਸ਼ਾਂ ਦੇ ਇਸ ਕੋਝੇ ਵਤੀਰੇ ਦਾ ਇਕ ਇਲਾਜ ਹੈ ਕਿ ਅਸੀਂ ਬਾਹਰਲੇ ਦੇਸ਼ਾਂ ਵਿਚ ਵਸਦੇ ਪੰਜਾਬੀ ਆਪਸ ਵਿਚ ਇਕ ਮੁਠ ਰਹੀਏ ਅਤੇ ਛੋਟੀਆਂ ਛੋਟੀਆਂ ਗੱਲਾਂ ਤੋਂ ਉਪਰ ਉਠ ਕੇ ਆਪਣੇ ਪਿਛੋਕੜ ਦੀਆਂ ਮੁਸ਼ਕਲਾਂ ਅਤੇ ਜਿਨ੍ਹਾਂ ਦੇਸ਼ਾਂ ਵਿਚ ਅਸੀਂ ਵਸਦੇ ਹਾਂ ਉਨ੍ਹਾਂ ਵਿਚ ਸਾਹਮਣੇ ਆ ਰਹੀਆਂ ਸਮੱਸਿਆਵਾਂ ਨੂੰ ਹੋਸ਼ ਦੀ ਪੱਧਰ ਤੇ ਨਜਿਠੀਏ ਨਾ ਕਿ ਜੋਸ਼ ਦੀ ਪੱਧਰ ਤੇ ਆ ਕੇ ਉਨ੍ਹਾਂ ਮੁਸ਼ਕਲਾਂ ਨੂੰ ਹੋਰ ਪੀਡੀਆਂ ਕਰੀਏ।

### ਸੁਰਜੀਤ ਰਾਮਪੁਰੀ

ਕੁਝ ਕਠਨ ਹੈ, ਮੁਸ਼ਕਲ ਹੈ, ਔਖੀ ਵੀ ਬੜੀ ਹੈ।
ਉਡੀਕ ਹੈ ਜਾਂ ਮੌਤ ਜਾਂ ਦੁਬਿਧਾ ਦੀ ਘੜੀ ਹੈ।

ਚਰਖਾ ਵੀ ਪੁਰਾਣਾ ਹੈ ਤੇ ਪੂਣੀ ਵੀ ਹੈ ਛੋਟੀ,
ਟੁੱਟਦੀ ਹੀ ਨਹੀਂ ਤੰਦ ਜੋ ਸਿਦਕਾਂ ਨੇ ਫੜੀ ਹੈ।

ਕਿਤੇ ਗ਼ਮ ਦੀਆਂ ਛੱਲਾਂ ਨੇ ਕਿਤੇ ਹਿਜਰ ਦੀ ਦਲਦਲ,
ਇਕ ਜਿੰਦ ਹੈ ਜੋ ਸੈਂਕੜੇ ਦੁੱਖਾਂ 'ਚ ਖੜ੍ਹੀ ਹੈ।

ਗੱਲ ਹੋਰ ਜੇ ਪਹੁੰਚੇ ਨਾ ਸੁਗੰਧੀ ਤਿਰੇ ਘਰ ਤੱਕ,
ਜਿੰਦ ਆਪਣੀ ਸੰਦਲ ਹੈ ਤੇ ਧੁਖ ਧੁਖ ਕੇ ਸੜੀ ਹੈ।

ਸਮਝੇ ਕੋਈ ਨੌਂਦਰ, ਕੋਈ ਸ਼ਾਇਰ, ਕੋਈ ਮਾਲੀ,
ਕੁਝ ਖ਼ਾਬ ਨੇ, ਕੁਝ ਗੀਤ ਨੇ, ਫੁੱਲਾਂ ਦੀ ਝੜੀ ਹੈ।

ਫਿਸਲੀ ਹੈ ਸਦਾ ਬਰਫ਼ 'ਤੇ ਆਕਾਸ਼ ਦੀ ਚਾਂਦੀ,
ਕਿਸਨੇ ਕਦੀ ਖੁਸ਼ਬੋ ਜਾਂ ਤਿਰੀ ਯਾਦ ਫੜੀ ਹੈ?

ਮੰਜ਼ਿਲ ਵੀ ਦੁਰਾਡੇ ਹੈ ਤੇ ਮਹਿਬੂਬ ਨਾ ਨੇੜੇ,
ਕਦਮਾਂ 'ਚ ਨਾ ਜ਼ੰਜੀਰ ਨਾ ਹੱਥਾਂ 'ਚ ਕੜੀ ਹੈ।

# ਪਿਛਲੇ ਕੁਝ ਹਫਤਿਆਂ ਦੌਰਾਨ ਫਾਰਮ ਵਰਕਰਾਂ ਦੀ ਜਦੋ ਜਹਿਦ

**ਵਲੋਂ : ਵੈਨਕੂਵਰ ਸੱਥ**

ਨਾਰਥ ਅਮਰੀਕਾ ਵਿਚ ਤਾਜ਼ੀਆਂ ਖੁੰਬਾਂ ਦੀ ਪੈਦਾਵਰ ਲਈ ਫਰੇਜ਼ਰ ਵੈਲੀ ਦਾ ਇਲਾਕਾ ਕਾਫੀ ਮਹੱਤਤਾ ਰੱਖਦਾ ਹੈ। ਇਸ ਵੈਲੀ ਵਿਚ 80 ਤੋਂ 85 ਦੇ ਕਰੀਬ ਖੁੰਬਾਂ ਦੇ ਫਾਰਮ ਹਨ। ਇਹਨਾਂ ਵਿਚੋਂ ਬਹੁਤੇ ਫਾਰਮ ਛੋਟੇ ਹਨ। ਇਨ੍ਹਾਂ ਫਾਰਮਾਂ ਵਿਚ 1800 ਦੇ ਕਰੀਬ ਵਰਕਰ ਕੰਮ ਕਰਦੇ ਹਨ। ਇਹਨਾਂ ਫਾਰਮਾਂ ਦੇ ਮਾਲਕ ਆਪਣੀਆਂ ਖੁੰਬਾਂ ਇਕ ਸਾਂਝੀ ਐਸੋਸੀਏਸ਼ਨ(ਫਰੇਜ਼ਰ ਵੈਲੀ ਮਸ਼ਰੂਮ ਗਰੋਅਰਜ਼ ਕੋਆਪ੍ਰੇਟਿਵ ਐਸੋਸੀਏਸ਼ਨ) ਰਾਹੀਂ ਵੇਚਦੇ ਹਨ। ਇਸ ਕੋਆਪ੍ਰੇਟਿਵ ਦਾ ਆਪਣਾ ਕੈਨਿੰਗ ਅਤੇ ਪਰੋਸੈਸਿੰਗ ਦਾ ਪਲਾਂਟ ਹੈ, ਜਿਥੇ ਮਸ਼ਰੂਮ ਤਾਜੇ ਪੈਕ ਅਤੇ ਕੈਨ ਕੀਤੇ ਜਾਂਦੇ ਹਨ। ਇਹ ਕੋਆਪ੍ਰੇਟਿਵ ਮਿਲੀਅਨ ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਖੁੰਬਾ ਵੇਚਦੀ ਹੈ। ਇਸ ਤਰਾਂ ਫਰੇਜ਼ਰ ਵੈਲੀ ਵਿਚ ਖੁੰਬਾਂ ਦੀ ਇਹ ਇੰਡਸਟਰੀ ਇਕ ਮਹੀਨੇ ਵਿਚ ਮਿਲੀਅਨ ਡਾਲਰਾਂ ਦਾ ਬਿਜ਼ਨਿਸ ਕਰਦੀ ਹੈ। ਇਸ ਇੰਡਸਟਰੀ ਵਿਚ ਕੰਮ ਕਰਨ ਵਾਲਿਆਂ ਦੀ ਬਹੁਗਿਣਤੀ ਨਵੇਂ ਆਏ ਇਮੀਗਰੇਂਟ ਲੋਕਾਂ ਦੀ ਹੈ, ਜਿਵੇਂ ਪੰਜਾਬੀ, ਚੀਨੇ, ਲੌਅਏਸ਼ੀਅਨ ਆਦਿ। ਇਕ ਮਹੀਨੇ ਵਿਚ ਮਿਲੀਅਨ ਡਾਲਰਾਂ ਦਾ ਬਿਜ਼ਨਿਸ ਕਰਨ ਵਾਲੀ ਇਸ ਇੰਡਸਟਰੀ ਵਿਚ ਵਰਕਰਾਂ ਦੀਆਂ ਤਨਖਾਹਾਂ ਅਤੇ ਕੰਮ ਕਰਨ ਦੀਆਂ ਹਾਲਤਾਂ ਕਾਫੀ ਨੀਵੇਂ ਪੱਧਰ ਦੀਆਂ ਹਨ। ਇਸ ਲੇਖ ਵਿਚ ਅਸੀਂ ਲੈਂਗਲੀ ਵਿਚਲੇ ਇਕ ਫਾਰਮ (HOSS FARM LTD.) ਬਾਰੇ ਗੱਲਬਾਤ ਕਰਾਂਗੇ।

ਖੁੰਬਾਂ ਦੇ ਇਸ ਫਾਰਮ ਵਿਚ 16 ਕਾਮੇ ਕਰਦੇ ਹਨ ਜਿਨ੍ਹਾਂ ਵਿਚੋਂ 14 ਫੁਲ ਟਾਈਮ ਕੰਮ ਕਰਦੇ ਹਨ ਅਤੇ ਦੋ ਪਾਰਟ ਟਾਈਮ। ਫੁਲ ਟਾਈਮ ਕੰਮ ਕਰਨ ਵਾਲਿਆਂ ਵਿਚ 12 ਪੰਜਾਬੀ ਔਰਤਾਂ ਹਨ ਜੋ ਖੁੰਬਾਂ ਨੂੰ ਪਿਕ (Mushroom Picking) ਕਰਨ ਦਾ ਕੰਮ ਕਰਦੀਆਂ ਹਨ ਅਤੇ ਦੋ ਮਰਦ ਜੋ ਲੇਬਰ ਦਾ ਕੰਮ ਕਰਦੇ ਹਨ। ਇਸ ਫਾਰਮ ਵਿਚਲੇ ਕੰਮ ਅਤੇ ਕੰਮ ਕਰਨ ਦੀਆਂ ਹਾਲਤਾਂ ਬਾਰੇ ਪਿਛੇ ਜਿਹੇ ਕਾਫੀ ਕੁਝ ਅੰਗਰੇਜ਼ੀ ਦੇ ਲੋਕਲ ਅਖਬਾਰਾਂ, ਟੀ. ਵੀ. ਪ੍ਰੋਗਰਾਮਾਂ ਉਪਰ ਆ ਚੁੱਕਾ ਹੈ। ਇਨ੍ਹਾਂ ਰੀਪੋਰਟਾਂ ਤੋਂ ਅਤੇ ਇਸ ਫਾਰਮ 'ਚ ਕੰਮ ਕਰਨ ਵਾਲੇ ਵਰਕਰਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਤੋਂ ਜੋ ਪਤਾ ਲੱਗਾ ਹੈ ਉਸ ਮੁਤਾਬਕ ਇਸ ਫਾਰਮ ਵਿਚ ਕੰਮ ਅਤੇ ਕੰਮ ਕਰਨ ਦੀਆਂ ਹਾਲਤਾਂ ਇਸ ਪ੍ਰਕਾਰ ਹਨ :—

**ਕੰਮ :—** ਖੁੰਬਾ ਪਿਕ ਕਰਨ ਦਾ ਕੰਮ ਕਾਫੀ ਔਖਾ ਕੰਮ ਹੈ। ਇਹ ਕੰਮ ਨ੍ਹੇਰੇ ਕਮਰਿਆਂ ਵਿਚ ਕੀਤਾ ਜਾਂਦਾ ਹੈ। ਇਨ੍ਹਾਂ ਕਮਰਿਆਂ ਵਿਚ ਸੂਰਜ ਦੀ ਰੋਸ਼ਨੀ ਨਹੀਂ ਜਾ ਸਕਦੀ। ਬੱਤੀਆਂ ਦੀ ਰੋਸ਼ਨੀ ਵਿਚ ਹੀ ਕੰਮ ਕੀਤਾ ਜਾਂਦਾ ਹੈ। ਇਸ ਫਾਰਮ ਵਿਚ ਬੱਤੀਆਂ ਦਾ ਪ੍ਰਬੰਧ ਕਾਫੀ ਨਿਕੰਮਾ ਸੀ। ਪਿਕਰਾਂ ਵਲੋਂ ਕਈ ਵਾਰੀ ਮਾਲਕ ਦਾ ਧਿਆਨ ਰੋਸ਼ਨੀ ਦੀ ਘਾਟ ਵੱਲ ਦੁਆਇਆ ਗਿਆ ਸੀ ਪਰ ਉਸ ਹਰ ਵਾਰ ਟਾਲ ਮਟੋਲ ਕੀਤੀ ਹੈ। ਇਸ ਲਈ ਪਿਕਰਾਂ ਨੂੰ ਘੱਟ ਰੋਸ਼ਨੀ ਵਿਚ ਹੀ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ।

**ਕੰਮ ਦੇ ਘੰਟੇ :—** ਕੰਮ ਦੇ ਸਮੇਂ ਵਿਚ ਕੋਈ ਇਕਸਾਰਤਾ ਨਹੀਂ ਸੀ। ਆਮ ਤੌਰ ਤੇ ਵਰਕਰਾਂ ਨੂੰ ਲੰਮੇ ਘੰਟੇ* (ਪੰਦਰਾਂ-ਸੋਲਾਂ) ਕੰਮ ਕਰਨਾ ਪੈਂਦਾ ਸੀ ਅੱਠ ਘੰਟੇ ਤੋਂ ਉਪਰ ਕੀਤੇ ਕੰਮ ਦਾ ਕੋਈ ਓਵਰਟਾਈਮ ਨਹੀਂ ਦਿਤਾ ਜਾਂਦਾ ਸੀ। ਕਈ ਵਾਰੀ ਸਿਰਫ ਦੋ-ਤਿੰਨ ਘੰਟੇ ਹੀ ਕੰਮ ਕਰਾਇਆ ਜਾਂਦਾ ਹੈ। ਇਸ ਤਰ੍ਹਾਂ ਕਈ ਵਾਰੀ ਵਰਕਰ ਸਵੇਰੇ ਉਠ ਐਬਟਸਫੋਰਡ ਅਤੇ ਸਰੀ ਤੋਂ ਰੋਸ ਫੂਕ ਕੰਮ ਕਰਨ ਆਉਂਦੇ, ਤੇ ਅਗੋਂ ਉਨ੍ਹਾਂ ਤੋਂ ਸਿਰਫ ਦੋ ਤਿੰਨ ਘੰਟੇ ਕੰਮ ਕਰਵਾ ਕੇ ਘਰ ਨੂੰ ਤੋਰ ਦਿਤਾ ਜਾਂਦਾ ਹੈ। ਇਸ ਸਮੇਂ ਵਿਚ ਕਦੇ ਕਦੇ ਉਨ੍ਹਾਂ ਦੇ 5-6 ਡਾਲਰ ਹੀ ਬਣਦੇ ਹਨ।

**ਤਨਖਾਹ :—** ਮਸ਼ਰੂਮ ਪਿਕ ਕਰਨ ਦਾ ਕੰਮ ਪੀਸ ਵਰਕ ਦੇ ਤੌਰ ਤੇ ਕੀਤਾ ਜਾਂਦਾ ਹੈ। ਪ੍ਰਤੀ ਭਰੇ ਹੋਏ ਟੱਬ ਦੇ ਹਿਸਾਬ ਪੈਸੇ ਦਿਤੇ ਜਾਂਦਾ ਹਨ। ਇਕ ਟੱਬ ਵਿਚ 27 ਪੌਂਡ ਖੁੰਬਾਂ ਪੈਂਦੀਆਂ ਹਨ। ਇਸ ਟੱਬ ਭਰਨ ਦੇ ਤਿੰਨ ਡਾਲਰ ਅਤੇ ਪੰਦਰਾਂ ਸੈਂਟ ਵਰਕਰਾਂ ਨੂੰ ਮਿਲਦੇ ਹਨ। ਇਸ ਟੱਬ ਨੂੰ ਭਰਨ ਵਿਚ ਕਦੀ ਦੋ ਘੰਟੇ ਲਗਦੇ ਹਨ, ਕਦੇ ਡੇਢ ਘੰਟਾ ਅਤੇ ਕਦੇ ਕਦੇ ਇਕ ਘੰਟੇ ਵਿਚ ਵੀ ਟੱਬ ਭਰ ਜਾਂਦਾ ਹੈ। ਇਸ ਤਰ੍ਹਾਂ ਵਰਕਰਾਂ ਨੂੰ ਬੀ. ਸੀ. ਵਿਚ ਨਿਯੁਕਤ ਘਟੋ ਘਟ ਤਨਖਾਹ ਤੋਂ ਵੀ ਘੱਟ ਔਸਤਨ ਪੈਸੇ ਮਿਲਦੇ ਹਨ। 29 ਮਈ ਮੰਗਲਵਾਰ ਨੂੰ ਸੀ. ਕੇ. ਵੀ. ਯੂ.(ਟੀ. ਵੀ. ਸਟੇਸ਼ਨ) ਦੇ ਇਕ ਰੀਪੋਰਟਰ ਨੇ ਟੀ. ਵੀ. ਉਪਰ ਇਕ ਵਰਕਰ ਦੀ ਮਹੀਨੇ ਦੀ ਚੈਕ ਵਿਖਾਈ ਸੀ। ਉਸ ਵਰਕਰ ਦੀ ਮਹੀਨੇ ਦੀ ਕੁਲ ਕਮਾਈ ਚਾਰ ਸੌ ਅੱਠ ਡਾਲਰ ਬਣਦੀ ਸੀ ਅਤੇ ਉਸ ਮਹੀਨੇ ਵਿਚ ਉਸਨੇ 200 ਘੰਟਿਆਂ ਤੋਂ ਵੱਧ ਘੰਟੇ ਕੰਮ ਕੀਤਾ ਸੀ।

**ਛੁੱਟੀਆਂ :—** ਇਸ ਫਾਰਮ ਦੇ ਮਾਲਕ ਦਾ ਖਿਆਲ ਹੈ ਕਿ ਵਿਹਲ ਬੰਦੇ ਨੂੰ ਕੰਮਚੋਰ ਬਣਾ ਦਿੰਦੀ ਹੈ।। ਇਸ ਲਈ ਵਰਕਰਾਂ ਦੀ 'ਭਲਾਈ' ਲਈ ਉਹ ਉਨ੍ਹਾਂ ਤੋਂ ਹਫਤੇ ਵਿਚ ਸੱਤ ਦੇ ਸੱਤ ਦਿਨ ਕੰਮ ਕਰਾਉਂਦਾ ਹੈ।

**ਛੁੱਟੀਆਂ ਦੀ ਤਨਖਾਹ :— Vacation Pay—** ਬੀ. ਸੀ. ਵਿਚ ਇੰਪਲਾਈਮੈਂਟ ਸਟੈਂਡਰਡ ਐਕਟ ਮੁਤਾਬਿਕ ਕੰਮ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਕਮਾਈ ਦਾ ਚਾਰ ਪ੍ਰਤੀਸ਼ਤ ਹਿੱਸਾ ਵੇਕੇਸ਼ਨ ਪੇ ਮਿਲਨੀ ਜ਼ਰੂਰੀ ਹੈ। ਪਰ ਹਾਸ ਫਾਰਮ ਦੇ ਮਾਲਕ ਦਾ ਖਿਆਲ ਹੈ ਜੇ ਵਰਕਰਾਂ ਨੂੰ ਛੁੱਟੀਆਂ ਹੀ ਨਹੀਂ ਦੇਣੀਆਂ ਤਾਂ ਛੁੱਟੀਆਂ ਦੀ ਤਨਖਾਹ ਦੀ ਉਨ੍ਹਾਂ ਨੂੰ ਕੀ ਲੋੜ ਹੈ। ਇਸ ਲਈ ਕਿਸੇ ਨੂੰ ਵੀ ਇਨ੍ਹਾਂ ਛੁੱਟੀਆਂ ਦੀ ਤਨਖਾਹ ਨਹੀਂ ਦਿਤੀ ਜਾਂਦੀ। ਨਾ ਹੀ ਵਰਕਰਾਂ ਨੂੰ ਸਟੇਚੂਅਰੀ ਛੁੱਟੀਆਂ ਜਿਵੇਂ ਕਰਿਸਮਿਸ ਵਾਲੇ ਦਿਨ ਦੀ ਛੁੱਟੀ ਆਦਿ ਦੀ ਤਨਖਾਹ ਦਿੱਤੀ ਜਾਂਦੀ ਹੈ।

(* 28 ਮਈ ਨੂੰ ਵਰਕਰਾਂ ਵਲੋਂ ਯੂਨੀਅਨ ਬਣਾਉਣ ਲਈ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ L.R.B. ਦੇ ਅਪਲਾਈ ਕੀਤਾ ਹੈ। ਤੇ ਅੱਠ ਜੂਨ ਤੋਂ ਮਾਲਕ ਨੇ ਵਰਕਰਾਂ ਨੂੰ ਛੋਟ ਦੇ ਦਿਤੀ ਹੈ ਕਿ ਜੋ ਉਹ ਚਾਹੁਣ ਤਾਂ ਸਿਰਫ਼ ਅੱਠ ਘੰਟੇ ਹੀ ਕੰਮ ਕਰ ਸਕਦੇ ਹਨ।)

**ਵਾਸ਼ਰੂਮ ਅਤੇ ਲੰਚ ਰੂਮ ਦੀ ਅਣਹੋਂਦ —** ਇਸ ਫਾਰਮ ਵਿਚ ਵਰਕਰਾਂ ਲਈ ਵਾਸ਼ਰੂਮ ਦਾ ਕੋਈ ਪ੍ਰਬੰਧ ਨਹੀਂ ਸੀ। ਵਰਕਰਾਂ ਨੂੰ ਵਾਸ਼ਰੂਮ ਲਈ ਝਾੜੀਆਂ ਦੇ ਉਹਲੇ ਦਾ ਇਸਤੇਮਾਲ ਕਰਨਾ ਪੈਂਦਾ ਸੀ। ਹਾਂ ਜਦੋਂ ਵਰਕਰਾਂ ਨੇ ਯੂਨੀਅਨ ਵਿਚ ਸ਼ਾਮਲ ਹੋਣ ਦਾ ਇਰਾਦਾ ਬਣਾ ਲਿਆ ਤਾਂ ਉਸਤੋਂ ਬਾਅਦ ਮਾਲਕ ਨੇ ਉਥੇ ਵਾਸ਼ਰੂਮ ਬਨਾਉਣਾ ਸ਼ੁਰੂ ਕਰ ਦਿੱਤਾ। ਨਾ ਇਸ ਫਾਰਮ ਵਿਚ ਵਰਕਰਾਂ ਲਈ ਕਿਸੇ ਕਿਸਮ ਦੇ ਲੰਚ ਰੂਮ ਦਾ ਪ੍ਰਬੰਧ ਹੈ।

**ਕਲੀਨ ਅਪ :—** ਏਥੇ ਹਰ ਵਰਕਰ ਨੂੰ ਹਫਤੇ ਵਿਚ ਇਕ ਅੱਧ ਵਾਰ ਥੋੜਾ ਬਹੁਤ ਕਲੀਨ ਅੱਪ ਦਾ ਕੰਮ ਕਰਨਾ ਪੈਂਦਾ ਹੈ। ਇਸ ਕੰਮ ਕਰਨ ਦੇ ਬਦਲੇ ਉਨ੍ਹਾਂ ਨੂੰ ਕੋਈ ਤਨਖਾਹ ਨਹੀਂ ਮਿਲਦੀ। ਜਿਵੇਂ ਜੇ ਕਿਸੇ ਦਿਨ ਕੋਈ ਵਰਕਰ ਅੱਠ ਘੰਟੇ ਕੰਮ ਕਰਦਾ ਹੈ ਅਤੇ ਉਨਾਂ ਵਿਚੋਂ ਦੋ ਘੰਟੇ ਕਲੀਨ ਅਪ ਦੇ ਕੰਮ ਲਈ ਅਤੇ ਛੇ ਘੰਟੇ ਖੁੰਬਾਂ ਪਿਕ ਕਰਨ ਲਈ ਲਾਉਂਦਾ ਹੈ ਤਾਂ ਉਸਨੂੰ ਉਨਾਂ ਛੇ ਘੰਟਿਆਂ ਵਿਚ ਪਿਕ ਕੀਤੀਆਂ ਖੁੰਬਾਂ ਦੇ ਹਿਸਾਬ ਨਾਲ ਹੀ ਪੈਸੇ ਮਿਲਦੇ ਹਨ ਅਤੇ ਉਨ੍ਹਾਂ ਦੋ ਘੰਟਿਆਂ ਦੀ ਕਲੀਨ ਅਪ ਲਈ ਕੁਝ ਨਹੀਂ ਮਿਲਦਾ।

ਇਸ ਤਰ੍ਹਾਂ ਇਸ ਫਾਰਮ ਵਿਚ ਸੰਲ 1984 ਵਿਚ ਸੰਨ 1884 ਵਾਲੀਆਂ ਹਾਲਤਾਂ ਮੌਜੂਦ ਹਨ। ਕਈ ਵਾਰੀ ਕੁਝ ਲੋਕਾਂ ਵਲੋਂ ਇਹ ਸੁਆਲ ਉਠਾਇਆ ਜਾਂਦਾ ਹੈ ਕਿ ਜੇ ਕੰਮ ਦੀਆਂ ਹਾਲਤਾਂ ਏਨੀਆਂ ਮਾੜੀਆਂ ਹਨ ਅਤੇ ਵਰਕਰਾਂ ਨੂੰ ਇਹ ਪਸੰਦ ਨਹੀਂ ਤਾਂ ਉਹ ਇਹੋ ਜਿਹਾ ਕੰਮ ਛੱਡ ਕਿਉਂ ਨਹੀਂ ਦਿੰਦੇ? ਇਕ ਗੱਲ ਸਾਫ ਹੈ ਕਿ ਵਰਕਰ ਇਹੋ ਜਿਹਾ ਕੰਮ ਖੁਸ਼ੀ ਨਾਲ ਨਹੀਂ ਕਰਦੇ ਸਗੋਂ ਮਜ਼ਬੂਰੀਆਂ ਵਸ ਕਰਦੇ ਹਨ। ਜਿਸ ਤਰ੍ਹਾਂ ਕਨੇਡਾ ਵਿਚ ਬੇਰੁਜ਼ਗਾਰੀ ਫੈਲੀ ਹੋਈ ਹੈ ਉਸ ਤੋਂ ਇਨਾਂ ਨੂੰ ਕਿਧਰੇ ਹੋਰ ਕੰਮ ਮਿਲਣ ਦੀ ਆਸ ਨਹੀਂ। ਇਸਦੇ ਨਾਲ ਹੀ ਕਈਆਂ ਘਰਾਂ ਦੇ ਦੂਜੇ ਕਮਾਊ ਮੈਂਬਰ(ਪਤੀ ਜਾਂ ਪਤਨੀ) ਵੀ ਕੰਮਾਂ ਕਾਰਾਂ ਤੋਂ ਵਿਹਲੇ ਹਨ ਜਾਂ ਉਹ ਵੀ ਉਨ੍ਹਾਂ ਵਾਂਗ ਬਹੁਤ ਘੱਟ ਤਨਖਾਹ ਤੇ ਕੰਮ ਕਰਦੇ ਹਨ। ਇਸ ਲਈ ਘਰ ਦਾ ਖਰਚ ਚਲਾਉਣ ਲਈ ਉਨ੍ਹਾਂ ਨੂੰ ਇਹੋ ਜਿਹਾ ਘੱਟ ਤਨਖਾਹ ਵਾਲਾ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ।

ਪਰ ਜਦੋਂ ਕਿਸੇ ਵੀ ਚੀਜ਼ ਦੀ ਅੱਤ ਹੋ ਜਾਵੇ ਤਾਂ ਉਸ ਵਿਰੁਧ ਆਵਾਜ਼ ਉਠਣ ਲਗਦੀ ਹੈ। ਕੰਮ ਦੀਆਂ ਉਪਰ ਦੱਸੀਆਂ ਹੋਈਆਂ ਹਾਲਤਾਂ ਵੱਲ ਦੇਖਦੇ ਹੋਏ ਹਾਸ ਫਾਰਮ ਦੇ ਵਰਕਰਾਂ ਨੇ ਯੂਨੀਅਨ ਬਨਾਉਣ ਵੱਲ ਕਦਮ ਪੁੱਟਿਆ। ਇਸ ਕਦਮ ਨਾਲ ਮਾਲਕਾਂ ਵਿਰੁੱਧ ਇਕ ਤਕੜੀ ਜਦੋ ਜਹਿਦ ਦਾ ਅਰੰਭ ਹੋਇਆ। ਇਸ ਫਾਰਮ ਵਿਚ ਕੰਮ ਕਰਨ ਵਾਲਿਆਂ ਵਲੋਂ ਬਹੁ ਗਿਣਤੀ ਨੇ ਯੂਨੀਅਨ ਬਨਾਉਣ ਲਈ ਕਾਰਡ ਸਾਈਨ ਕਰ ਦਿੱਤੇ। 27 ਮਈ ਦੀ ਸ਼ਾਮ ਨੂੰ ਮਾਲਕ ਨੂੰ ਵਰਕਰਾਂ ਦੀ ਇਸ ਸਰਗਰਮੀ ਦਾ ਪਤਾ ਲੱਗ ਗਿਆ ਅਤੇ ਉਸ ਹੀ ਰਾਤ ਨੂੰ ਜਦੋਂ ਵਰਕਰ ਕੰਮਾਂ ਤੋਂ ਹਟ ਕੇ ਆਉਣ ਲੱਗੇ ਤਾਂ ਮਾਲਕ ਨੇ ਪੰਜ ਵਰਕਰਾਂ ਨੂੰ ਕੰਮ ਤੋਂ ਜੁਆਬ ਦੇ ਦਿੱਤਾ। ਦੂਜੇ ਦਿਨ ਸਵੇਰ ਨੂੰ ਜਦੋਂ ਛੇ ਵਰਕਰਾਂ ਨੇ ਮਾਲਕ ਨੂੰ ਕਿਹਾ ਕਿ ਉਹ ਪੰਜ ਵਰਕਰ ਮਾਲਕ ਨੇ ਕੰਮ ਤੋਂ ਇਸ ਕਰਕੇ ਹਟਾਏ ਹਨ ਕਿਉਂਕਿ ਉਹ ਯੂਨੀਅਨ ਬਨਾਉਣਾ ਚਾਹੁੰਦੇ ਸਨ, ਉਨ੍ਹਾਂ ਨੂੰ ਕੰਮ ਤੇ ਵਾਪਸ ਲੈਣਾ ਚਾਹੀਦਾ ਹੈ। ਇਸ ਸਮੇਂ ਮਾਲਕ ਨੇ ਉਨ੍ਹਾਂ ਛੇਆਂ ਨੂੰ ਵੀ ਕੰਮ ਤੋਂ ਜੁਆਬ ਦੇ ਦਿੱਤਾ। ਫਿਰ ਇਸ ਸਮੇਂ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੇ ਉਨ੍ਹਾਂ ਵਰਕਰਾਂ ਦੀ ਸਲਾਹ ਨਾਲ, ਕੰਮ ਤੋਂ ਹਟਾਏ ਜਾਣ ਦੇ ਰੋਸ ਵਜੋਂ ਇਨਫਰਮੇਸ਼ਨ ਪਿਕਟ ਲਾਈਨ ਲਾ ਦਿੱਤੀ। ਏਥੇ ਅਸੀਂ ਪਾਠਕਾਂ ਨਾਲ ਇਕ ਗੱਲ ਸਾਂਝੀ ਕਰਨਾ ਜ਼ਰੂਰੀ ਸਮਝਦੇ ਹਾਂ ਪੰਜਾਬੀ ਸਭਿਆਚਾਰ ਵਿਚ ਔਰਤ ਨੂੰ ਕਮਜ਼ੋਰ ਮੰਨਿਆ ਜਾਂਦਾ ਹੈ। ਇਹ ਆਮ ਖਿਆਲ ਕੀਤਾ ਜਾਂਦਾ ਹੈ ਕਿ ਮੈਦਾਨੇ ਜੰਗ ਵਿਚ ਸਿਰਫ ਮਰਦ ਹੀ ਜੂਝ ਸਕਦੇ ਹਨ, ਔਰਤਾਂ ਵਿਚ ਇਹੋ ਜਿਹੇ ਕੰਮਾਂ ਲਈ ਹੌਂਸਲਾ ਨਹੀਂ ਹੁੰਦਾ। ਪਰ ਇਸ ਫਾਰਮ ਵਿਚ ਕੰਮ ਕਰਨ ਵਾਲੀਆਂ ਔਰਤਾਂ ਨੇ ਬਾਹਰ ਇਨਫਰਮੇਸ਼ਨ ਪਿਕਟ ਲਾਈਨ ਉਪਰ ਆ, ਆਪਣੇ ਹੱਕਾਂ ਲਈ ਆਵਾਜ਼ ਉਠਾਈ ਅਤੇ ਜਦੋ ਜਹਿਦ ਅਰੰਭੀ ਦੂਸਰੇ ਪਾਸੇ ਇਸ ਫਾਰਮ ਵਿਚ ਕੰਮ ਕਰਨ ਵਾਲੇ ਦੋ ਮਰਦ, ਮਾਲਕ ਦੇ ਤਲਵੇ ਚਟਣ ਲਈ ਲਾਈਨ ਕਰਾਸ ਕਰਕੇ ਅੰਦਰ ਕੰਮ ਕਰ ਰਹੇ ਹਨ। ਔਰਤਾਂ ਵਲੋਂ ਇਸ ਤਰ੍ਹਾਂ ਆਪਣੇ ਹੱਕਾਂ ਲਈ ਉਠ ਖੜਨਾ ਬੜੀ ਖੁਸ਼ੀ ਦੀ ਗੱਲ ਹੈ। ਕਿਉਂਕਿ ਮਸ਼ਰੂਮ ਫਾਰਮਾਂ ਵਿਚ 90 ਪ੍ਰਤੀਸ਼ਤ ਤੋਂ ਉਪਰ ਔਰਤਾਂ ਕੰਮ ਕਰਦੀਆਂ ਹਨ, ਅਤੇ ਇਸ ਫਾਰਮ ਵਿਚਲੀਆਂ ਔਰਤਾਂ ਵਲੋਂ ਅਜਿਹਾ ਵਿਖਾਵਾ ਦੂਜੀਆਂ ਔਰਤਾਂ ਲਈ ਚਾਨਣ ਮੁਨਾਰਾ ਬਣ ਸਕਦਾ ਹੈ।

**ਫਰੇਜ਼ਰ ਵੈਲੀ ਮਸ਼ਰੂਮ ਗਰੋਅਰਜ਼ ਕੋਆਪ੍ਰੇਟਿਵ ਦਾ ਰੋਲ :—**

28 ਮਈ ਨੂੰ ਜਦੋਂ ਹਾਸ ਫਾਰਮ ਤੇ ਵਰਕਰਾਂ ਵਲੋਂ ਇਨਫਰਮੇਸ਼ਨ ਪਿਕਟ ਲਾਈਨ ਲਾਈ ਜਾਣ ਦੀ ਖਬਰ ਫਰੇਜ਼ਰ ਵੈਲੀ ਵਿਚ ਫੈਲੀ ਤਾਂ ਕੋਆਪ੍ਰੇਟਿਵ ਦਾ ਪਰਸਨਲ ਮੈਨੇਜਰ ਹਾਸ ਫਾਰਮ ਤੇ ਪੁਜਾ। ਉਥੇ ਆ ਉਸ ਲਾਈਨ ਉਪਰ ਖੜੇ ਵਰਕਰਾਂ ਨੂੰ ਤੰਗ(Harass) ਕਰਨ ਦੀ ਕੋਸ਼ਿਸ਼ ਕੀਤੀ। ਉਸ ਵਰਕਰਾਂ ਨੂੰ ਕਿਹਾ ਕਿ ਏਥੇ ਤੁਹਾਡੀ ਲਾਈਨ ਗੈਰ ਕਾਨੂੰਨੀ ਹੈ, ਤੁਸੀਂ ਏਥੋਂ ਚਲੇ ਜਾਵੋ। ਪਰ ਵਰਕਰਾਂ ਨੇ ਉਸ ਦੀ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ। ਫਰੇਜਰ ਵੈਲੀ ਦੇ ਫਾਰਮਰਾਂ ਵਲੋਂ, ਕੋਆਪ੍ਰੇਟਿਵ ਦਾ ਇਹ ਪਰਸਨਲ ਮੈਨੇਜਰ ਪੂਰਾ ਜ਼ੋਰ ਲਾ ਰਿਹਾ ਹੈ ਕਿ ਖੇਤਾਂ ਵਿਚ ਕੰਪਨਜ਼ੇਸ਼ਨ ਦੀਆਂ ਰੈਗੂਲੇਸ਼ਨਾਂ(Regulations) ਸਰਕਾਰ ਲਾਗੂ ਨਾ ਕਰੇ। ਜਿਉਂ ਜਿਉਂ ਇਸ ਫਾਰਮ ਉਪਰ ਲੱਗੀ ਇਨਫਰਮੇਸ਼ਨ ਪਿਕਟ ਲਾਈਨ ਦੀ ਖਬਰ ਇਲਾਕੇ ਵਿਚ ਫੈਲਦੀ ਗਈ, ਤਿਉਂ ਤਿਉਂ ਇਲਾਕੇ ਦੇ ਹੋਰ ਮਸ਼ਰੂਮ ਗਰੋਅਰਜ਼ ਹਾਸ ਫਾਰਮ ਉਪਰ ਖਬਰ ਲੈਣ ਪੁਜਦੇ ਗਏ। ਜੈਨਸਨ ਮਸ਼ਰੂਮ ਫਾਰਮ ਵਿਚ ਕੰਮ ਕਰਨ ਵਾਲੀ ਸੁਪਰਵਾਈਜ਼ਰ (ਜੈਨਸਨ ਦੀ ਕੁੜੀ ਦੀ ਸਸ) ਵੀ ਉਥੇ ਪੁੱਜੀ। ਜੈਨਸਨ ਮਸ਼ਰੂਮ ਫਾਰਮ ਉਹ ਹੀ ਫਾਰਮ ਹੈ ਜਿਥੇ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੂੰ ਸਭ ਤੋਂ ਪਹਿਲਾਂ ਸਰਟੀਫੀਕੇਸ਼ਨ ਮਿਲੀ ਸੀ ਅਤੇ ਪੰਦਰਾਂ ਮਹੀਨਿਆਂ ਦੀ ਲੰਬੀ ਹੜਤਾਲ ਤੋਂ ਬਾਅਦ ਯੂਨੀਅਨ ਏਥੇ ਪਹਿਲਾਂ ਕੰਨਟਰੈਕਟ ਜਿਤਣ ਵਿਚ ਸਫਲ ਹੋਈ ਸੀ। ਇਸ ਕੰਨਟਰੈਕਟ ਨਾਲ ਜੈਨਸਨ ਫਾਰਮ ਵਿਚ ਵਰਕਰਾਂ ਦੀਆਂ ਤਨਖਾਹਾਂ ਅਤੇ ਕੰਮ ਕਰਨ ਦੀਆਂ ਹਾਲਤਾਂ ਵਿਚ ਕਾਫੀ ਸੁਧਾਰ ਹੋਇਆ ਸੀ। ਪਰ ਇਹ ਗੱਲ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਪੰਜਾਬੀ ਕਮਿਊਨਿਟੀ ਵਿਚੋਂ ਹੀ

(ਬਾਕੀ ਪੰਨਾ 15 ਤੇ)


# SUNSET PRINTING LTD.

**4277 Fraser Street, Vancouver, B.C. V5V 4G1**

**(604)874-2023**

- Bus. Cards
- Envelopes
- Letterheads
- Numbering
- Flyers
- NCR Forms
- Crash Imprints
- Work Orders
- ਬਿਜ਼ਨਿਸ ਕਾਰਡ
- ਲਿਫਾਫੇ
- ਲੈਟਰਹੈੱਡਜ
- ਨੰਬਰਿੰਗ
- ਇਸ਼ਤਿਹਾਰ
- ਐਨ. ਸੀ. ਆਰ. ਫਾਰਮ
- ਕਰੈਸ਼ ਇੰਪਰੈਂਟਜ਼
- ਵਰਕ ਆਰਡਰ

# ਰੀਪੋਰਟਰ ਸਲੀਮ ਜਾਵਾ ਦੇ ਹੈਰਾਨਕੁਨ ਪ੍ਰਗਟਾਵੇ

ਵੈਨਕੂਵਰ — 'ਪ੍ਰੋਵਿਨਸ' ਅਖਬਾਰ ਦੇ ਸਟਾਫ ਰੀਪੋਰਟਰ ਸਲੀਮ ਜਾਵਾ ਨੇ 10 ਜੂਨ ਦੇ ਅਖਬਾਰ ਵਿਚ ਲਿਖਿਆ ਹੈ ਕਿ 'ਭਾਰਤ ਵਿਚ ਸਿਖ ਜਜ਼ਬਾਤ ਬਹੁਤ ਭੜਕੇ ਹੋਏ ਹਨ।' ਭਾਰਤ ਬਾਰੇ ਉਸਨੇ ਲਿਖਿਆ ਹੈ ਕਿ ਭਾਰਤੀਆਂ ਵਿਚ 72 ਫੀਸਦੀ ਲੋਕ ਇੰਡੋ-ਏਰੀਅਨ ਹਨ, 25 ਫੀਸਦੀ ਦਰਾਵੜੀ ਨਸਲ ਨਾਲ ਸਬੰਧ ਰੱਖਦੇ ਹਨ ਅਤੇ ਤਿੰਨ ਫੀ ਸਦੀ ਮੰਗੋਲ ਜਾਤੀ ਦੇ ਹਨ। ਇਨ੍ਹਾਂ ਵਿਚੋਂ 83 ਫੀਸਦੀ ਧਾਰਮਿਕ ਵਿਸ਼ਵਾਸ਼ ਕਾਰਨ ਹਿੰਦੂ ਫਿਰਕੇ ਨਾਲ ਸਬੰਧ ਰੱਖਦੇ ਹਨ, 10 ਫੀਸਦੀ ਮੁਸਲਮ ਨਾਲ, ਤਿੰਨ ਫੀ ਸਦੀ ਈਸਾਈ ਅਤੇ 1.8 ਫੀਸਦੀ ਸਿਖ ਹਨ ਅਤੇ ਕੁਝ ਬੋਧੀ ਵੀ ਹਨ।

ਭਾਰਤ ਵਿਚ ਦੋ ਮੁੱਖ ਜ਼ਬਾਨਾਂ ਬੋਲੀਆਂ ਜਾਂਦੀਆਂ ਹਨ - ਹਿੰਦੀ ਅਤੇ ਅੰਗਰੇਜ਼ੀ। 24 ਹੋਰ ਭਾਸ਼ਾਵਾਂ ਹਨ ਅਤੇ 700 ਉਪ-ਬੋਲੀਆਂ ਹਨ। ਅਨੇਕਤਾ ਅਤੇ ਇਲਾਕਾਬਾਜ਼ੀ ਭਾਰਤ ਲਈ ਅੱਜ ਮੁੱਖ ਸਮੱਸਿਆ ਹੈ।

ਸਿਖ, ਜਿਨ੍ਹਾਂ ਦੀ ਪੰਜਾਬ ਵਿਚ ਗਿਣਤੀ 1 ਕਰੋੜ 35 ਲੱਖ ਹੈ ਉਨ੍ਹਾਂ ਨੇ ਇੰਦਰਾ ਗਾਂਧੀ ਦੀ ਕੇਂਦਰ ਸਰਕਾਰ ਵਿਰੁੱਧ ਆਵਾਜ਼ ਉਠਾਈ ਹੈ।

"ਪੰਜਾਬ ਵਿਚ ਸਿਖ ਕਹਿੰਦੇ ਹਨ ਕਿ ਉਨ੍ਹਾਂ ਵਿਰੁਧ ਵਿਤਕਰਾ ਹੋ ਰਿਹਾ ਹੈ"— ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਜ਼ੈਲ ਸਿੰਘ ਨੇ ਸਲੀਮ ਜਾਵਾ ਨੂੰ ਕਿਹਾ "ਪਰ ਰਾਸ਼ਟਰਪਤੀ ਸਿਖ ਹੈ, ਹਵਾਈ ਸੈਨਾ ਦਾ ਮੁਖੀ ਸਿਖ ਹੈ, ਬੰਬਈ ਅਤੇ ਦਿੱਲੀ ਦੇ ਮੇਅਰ ਸਿਖ ਹਨ। ਤੁਸੀਂ ਦੇਖੋਗੇ ਕਿ ਸਿਖ ਕੋਲ ਵਧੀਆ ਘਰ ਹੈ, ਵਧੀਆ ਕਾਰ ਹੈ, ਵਧੀਆ ਕੰਮ ਹੈ ਅਤੇ ਬਹੁਤਾ ਪੈਸਾ ਹੈ।"

ਸਲੀਮ ਜਾਵਾ ਲਿਖਦਾ ਹੈ, "ਕਰੋਲ ਬਾਗ ਵਿਚ ਇਕ ਧਨਾਢ ਵਪਾਰੀ ਬਲਬੀਰ ਸਿੰਘ ਨੇ ਸਾਰੀ ਗਲੀ ਆਪਣੇ ਨਵੇਂ ਵਪਾਰ ਖੋਲ੍ਹਣ ਸਮੇਂ ਦਿਤੀ ਪਾਰਟੀ ਲਈ ਬੰਦ ਕਰ ਰੱਖੀ ਹੈ। ਉਹ ਇੰਦਰਾ ਗਾਂਧੀ ਨੂੰ ਸਲਾਹ ਰਿਹਾ ਹੈ ਜਿਸਨੇ ਉਸ ਨੂੰ 500 ਪਰਮਿਟ ਇਸ ਲਈ ਦਿਤੇ ਹਨ ਕਿ ਉਹ ਸਿਖਾਂ ਨੂੰ ਪਾਕਿਸਤਾਨ ਵਿਚ ਪਵਿਤਰ ਥਾਵਾਂ ਦਿਖਾ ਕੇ ਲਿਆਵੇ।"

"ਪਾਰਟੀ ਛੇਤੀ ਹੀ ਰਾਜਸੀ ਰੈਲੀ ਵਿਚ ਤਬਦੀਲ ਹੋ ਜਾਂਦੀ ਹੈ।"

**ਪਾਰਲੀਮੈਂਟ ਮੈਂਬਰ ਅਸਰੁੱਲ ਹੱਕ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਪਾਕਿਸਤਾਨ ਬਾਰੇ ਕਹਿੰਦਾ ਹੈ — "ਇਹ ਬਹੁਤ ਵੱਡੀ ਸਾਜ਼ਿਸ਼ ਹੈ ਤੇ ਸਰੋਤੇ ਤਾੜੀਆਂ ਮਾਰਦੇ ਹਨ— ਸੀ. ਆਈ. ਏ. ਦਾ ਪੈਸਾ ਕੈਨੇਡਾ, ਇੰਗਲੈਂਡ ਅਤੇ ਪਾਕਿਸਤਾਨ ਰਾਹੀਂ ਪਹੁੰਚ ਰਿਹਾ ਹੈ। ਪੰਜਾਬ ਵਿਚ ਸਮੱਸਿਆਵਾਂ ਨੂੰ ਭੜਕਾਉਣ ਲਈ ਬਾਹਰਲੇ ਏਜੰਟ ਕੰਮ ਕਰ ਰਹੇ ਹਨ।"**

**ਸਲੀਮ ਜਾਵਾ ਆਪਣੀ ਰੀਪੋਰਟ ਵਿਚ ਅੱਗੇ ਲਿਖਦਾ ਹੈ —**

**"ਭਾਰਤੀਆਂ ਦਾ ਬਹੁਤਾ ਗੁੱਸਾ ਜੋ ਬਾਹਰਲੇ ਏਜੰਟਾਂ ਕਾਰਨ ਹੈ ਉਹ ਵੈਨਕੂਵਰ ਹਲਕੇ ਦੇ ਸਿੱਖਾਂ ਤੇ ਕੇਂਦਰਤ ਹੈ ਜਿਥੇ 60,000 ਦੀ ਕਮਿਊਨਿਟੀ ਚਹੁੰ ਹਿਸਿਆਂ ਵਿਚ ਵੰਡੀ ਹੋਈ ਹੈ। ਇਥੇ ਉਹ ਹਨ ਜੋ ਗਾਂਧੀ ਦੇ ਪਿਛੇ ਹਨ, ਉਹ ਹਨ ਜੋ ਮਾਡਰੇਟ ਸਿਖ ਲੀਡਰ ਹਰਚੰਦ ਸਿੰਘ ਲੌਂਗੋਵਾਲ ਪਿਛੇ ਹਨ, ਅਤੇ ਉਹ ਹਨ ਜੋ ਅਤਿਵਾਦੀਆਂ ਦੀ ਮੱਦਦ ਕਰਦੇ ਹਨ ਅਤੇ ਪੰਜਾਬ ਵਿਚੋਂ ਖਾਲਿਸਤਾਨ ਬਨਾਉਣਾ ਚਾਹੁੰਦੇ ਹਨ। ਅਤੇ ਅਜਿਹੇ ਵੀ ਬਹੁਤ ਹਨ ਜੋ ਕਈ ਪੀੜ੍ਹੀਆਂ ਤੋਂ ਕੈਨੇਡਾ ਵਿਚ ਹਨ ਅਤੇ ਉਹ ਬਹੁਤੀ ਪਰਵਾਹ ਹੀ ਨਹੀਂ ਕਰਦੇ।"**

**ਸਲੀਮ ਜਾਵਾ ਅੱਗੇ ਲਿਖਦਾ ਹੈ :**

**"ਭਾਰਤ ਸਰਕਾਰ ਕੁਝ ਸਥਾਨਕ ਸਿੱਖਾਂ ਤੇ ਦੋਸ਼ ਲਾਉਂਦੀ ਹੈ ਕਿ ਉਹ ਬਗ਼ਾਵਤ ਵਿਚ ਹਿਸਾ ਲੈ ਰਹੇ ਹਨ। ਭਾਰਤੀ ਅਫਸਰ ਕਹਿੰਦੇ ਹਨ ਕਿ ਵੈਨਕੂਵਰ ਦੇ ਗਰੁਪਾਂ ਵਲੋਂ ਪੈਸਾ ਪੰਜਾਬ ਵਿਚ ਭੇਜਿਆ ਜਾ ਰਿਹਾ ਹੈ ਅਤੇ ਵੱਖਵਾਦੀਆਂ ਨੇ ਅਣਜੰਮੇ ਰੀਪਬਲਿਕ ਆਫ ਖਾਲਿਸਤਾਨ ਦਾ ਕਾਨਸੂਲੇਟ ਬਣਾ ਰੱਖਿਆ ਹੈ।"**

**ਸਲੀਮ ਜਾਵਾ ਅੱਗੇ ਹੋਰ ਕਹਿੰਦਾ ਹੈ :**

**"ਸਿਖ ਤਲਵਿੰਦਰ ਸਿੰਘ ਪਰਮਾਰ ਜੋ ਬਰਨਬੀ ਦਾ ਹੈ ਅਤੇ ਹੁਣ ਜਰਮਨੀ ਵਿਚ ਹਿਰਾਸਤ ਵਿਚ ਹੈ ਉਸ ਤੇ ਭਾਰਤ ਨੇ ਦੋ ਪੁਲਸ ਵਾਲਿਆਂ ਨੂੰ ਕਤਲ ਕਰਨ ਸਬੰਧੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕੀਤੇ ਸਨ। ਉਸ ਨੂੰ ਭਾਰਤ ਵਿਚੋਂ ਸਥਾਨਕ ਖਾਲਿਸਤਾਨ ਮੀਤ-ਪ੍ਰਧਾਨ ਸੁਰਜਨ ਸਿੰਘ ਗਿੱਲ ਨੇ ਟਰੱਕ ਡਰਾਈਵਰ ਬਣਕੇ ਨੇਪਾਲ ਲਿਆਂਦਾ।"**

# ਸਿੱਖ ਫੌਜੀਆਂ ਨੇ ਬ਼ਗਾਵਤ ਕਰ ਦਿੱਤੀ

ਚੰਡੀਗੜ੍ਹ— ਨੀਊਜ਼ ਸਰਵਿਸ ਦੀ ਖਬਰ ਅਨੁਸਾਰ ਸੋਮਵਾਰ 11 ਜੂਨ ਨੂੰ ਭਾਰਤੀ ਫੌਜ ਨੇ 26 ਵਿਅਕਤੀ ਹਲਾਕ ਕਰ ਦਿਤੇ ਅਤੇ ਐਤਵਾਰ ਨੂੰ ਸੈਂਕੜੇ ਉਹ ਫੌਜੀ ਗ੍ਰਿਫਤਾਰ ਕਰ ਲਏ ਗਏ ਜਿਨ੍ਹਾਂ ਨੇ ਬਗ਼ਾਵਤ ਕਰ ਦਿਤੀ ਹੈ।

ਫੌਜ ਉਨ੍ਹਾਂ 500 ਵਿਅਕਤੀਆਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ ਵਿਚ ਕੁਝ ਫੌਜੀ ਵੀ ਸ਼ਾਮਲ ਹਨ ਜਿਨ੍ਹਾਂ ਫੌਜ ਵਿਚੋਂ ਬਗ਼ਾਵਤ ਕੀਤੀ ਹੈ।

ਤਿੰਨ ਥਾਵਾਂ ਤੇ ਬਗ਼ਾਵਤ ਕੀਤੇ ਜਾਣ ਦੀ ਖਬਰ ਹੈ ਜਿਸ ਵਿਚ 2000 ਫੌਜੀ ਸ਼ਾਮਲ ਦੱਸਿਆ ਗਿਆ ਹੈ।

ਭਾਰਤੀ ਫੌਜ ਵਿਚ ਕੁੱਲ ਸਿਖ ਫੌਜੀਆਂ ਦੀ ਗਿਣਤੀ ਸਾਢੇ ਨੌਂ ਫੀਸਦੀ ਹੈ ਜਦ ਕਿ ਫੌਜ ਦੀ ਕੁਲ ਗਿਣਤੀ ਦਸ ਲੱਖ ਹੈ। ਭਾਰਤੀ ਫੌਜ ਦੁਨੀਆਂ ਵਿਚ ਗਿਣਤੀ ਵਿਚ ਚੌਥੇ ਨੰਬਰ ਤੇ ਹੈ।

# ਫੌਜੀ ਕਮਾਂਡਰ ਮਾਰਿਆ ਗਿਆ

ਇਕ ਅਮਰੀਕੀ ਅਖਬਾਰ ਦੇ ਸੂਤਰਾਂ ਅਨੁਸਾਰ 10 ਜੂਨ ਨੂੰ ਇਕ ਫੌਜੀ ਕਮਾਂਡਰ ਬਰਗੇਡੀਅਰ ਆਰ. ਐਸ. ਪੁਰੀ ਸਿਖ ਫੌਜੀਆਂ ਵਲੋਂ ਗੋਲੀ ਨਾਲ ਮਾਰ ਦਿਤਾ ਗਿਆ।

ਬਿਹਾਰ ਵਿਚ ਰਾਮਗੜ੍ਹ ਦੇ ਸ਼ਹਿਰ ਵਿਚ 600 ਸਿਖ ਫੌਜੀਆਂ ਨੇ ਬਗ਼ਾਵਤ ਕਰ ਦਿਤੀ ਅਤੇ 600 ਤੋਂ ਵੱਧ ਹੋਰ ਫੌਜੀ ਜ਼ਖਮੀ ਕਰ ਦਿਤੇ ਜਿਨ੍ਹਾਂ ਵਿਚ 25 ਅਫਸਰ ਵੀ ਸ਼ਾਮਲ ਹਨ। ਸਿਖ ਫੌਜੀ ਹਥਿਆਰਾਂ ਨਾਲ ਲੈਸ ਸਨ ਅਤੇ ਉਹ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਵਿਚ ਸਨ।

# ਰਾਜਸਥਾਨ ਵਿਚ ਵੀ ਬ਼ਗਾਵਤ

ਰਾਜਸਥਾਨ ਵਿਚ ਇਕ ਦਰਜਨ ਤੋਂ ਵੱਧ ਫੌਜੀਆਂ ਦੇ ਬਗ਼ਾਵਤ ਵਿਚ ਮਾਰੇ ਜਾਣ ਦੀ ਖਬਰ ਹੈ ਜਦ ਕਿ 47 ਫੌਜੀ ਗ੍ਰਿਫਤਾਰ ਕਰ ਲਏ ਗਏ ਹਨ।

# ਫੌਜੀਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲੇ ਵਿਰੁੱਧ ਗੁੱਸਾ

ਅਮਰੀਕੀ ਅਖਬਾਰ ਦੀ ਖਬਰ ਅਨੁਸਾਰ ਉਪਰੋਕਤ ਫੌਜੀ ਬਗ਼ਾਵਤਾਂ ਇਸ ਲਈ ਹੋਈਆਂ ਕਿ ਸਿੱਖ ਫੌਜੀਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਹਮਲੇ ਕਾਰਨ ਗੁੱਸਾ ਭੜਕ ਉਠਿਆ।

# ਰਾਮਗੜ੍ਹ ਦਾ ਸਬੰਧ ਟੈਲੀਫੋਨ ਨਾਲੋਂ ਕੱਟਿਆ ਗਿਆ

ਇਨ੍ਹਾਂ ਖਬਰਾਂ ਦੀ ਪੁਸ਼ਟੀ ਨਹੀਂ ਹੋ ਸਕੀ ਕਿਉਂਕਿ ਰਾਮਗੜ੍ਹ ਸ਼ਹਿਰ ਵਿਚੋਂ ਟੈਲੀਫੋਨ ਸੇਵਾ ਬੰਦ ਕਰ ਦਿਤੀ ਗਈ ਹੈ।

ਇਕ ਬੁਲਾਰੇ ਨੇ ਕਿਹਾ ਕਿ ਸਿਖ ਫੌਜੀਆਂ ਵਿਚ ਇਹ ਅਫਵਾਹ ਫੈਲਾ ਦਿਤੀ ਗਈ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਢਾਹ ਦਿਤਾ ਗਿਆ ਹੈ ਜਦ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁੱਜਾ(ਕੁਝ ਅਖਬਾਰਾਂ ਅਨੁਸਾਰ ਸ੍ਰੀ ਅਕਾਲ ਤਖਤ ਦੀ ਬਿਲਡਿੰਗ ਦਾ ਜੋ ਨੁਕਸਾਨ ਹੋਇਆ ਸੀ ਉਹ ਠੀਕ ਕਰ ਦਿਤਾ ਗਿਆ ਹੈ)। ਫੌਜੀ ਬੁਲਾਰੇ ਨੇ ਕਿਹਾ ਕਿ ਸਿਖ ਫੌਜੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਹੀ ਸਲਾਮਤ ਹੋਣ ਦੀਆਂ ਫੋਟੋ ਭੇਜੀਆਂ ਜਾ ਰਹੀਆਂ ਹਨ ਤਾਂਕਿ ਉਨ੍ਹਾਂ ਨੂੰ ਤਸੱਲੀ ਹੋ ਸਕੇ।

ਰਾਜਸਥਾਨ ਵਿਚਲੀ ਘਟਨਾ ਸ੍ਰੀ ਗੰਗਾ ਨਗਰ ਵਿਚ ਵਾਪਰੀ।

# ਸਿੱਖ ਫੌਜੀਆਂ ਦੀ ਗਿਣਤੀ ਵਧੇਰੇ

ਏਜੰਸੀ ਅਨੁਸਾਰ ਸਿਖਾਂ ਦੀ ਆਬਾਦੀ ਭਾਰਤ ਦੀ 70 ਕਰੋੜ ਅਬਾਦੀ ਵਿਚ ਦੋ ਫੀ ਸਦੀ ਹੈ ਜਦ ਕਿ ਫੌਜਾਂ ਵਿਚ ਸਿੱਖਾਂ ਦੀ ਗਿਣਤੀ ਇਸ ਫੀ ਸਦੀ ਨਾਲੋਂ ਕਈ ਗੁਣਾਂ ਵਧੇਰੇ ਹੈ। ਇਕ ਫੌਜੀ ਅਫਸਰ ਅਨੁਸਾਰ ਸਰਕਾਰ ਨੂੰ ਪਹਿਲਾਂ ਵੀ ਏਸੇ ਗਲ ਦਾ ਡਰ ਸੀ ਜਿਸ ਕਾਰਨ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਇਕੱਠੇ ਕੀਤੇ ਜਾ ਰਹੇ ਹਥਿਆਰਾਂ ਦਾ ਪਤਾ ਹੋਣ ਦੇ ਬਾਵਜੂਦ ਸਰਕਾਰ ਦੇਰੀ ਕਰ ਰਹੀ ਸੀ।

ਪੰਜਾਬ ਵਿਚ ਪੁਜਦੇ ਹਥਿਆਰਾਂ ਬਾਰੇ ਕੇਂਦਰ ਸਰਕਾਰ ਕੋਲ ਪਹਿਲਾਂ ਹੀ ਸਾਰੀ ਜਾਣਕਾਰੀ ਸੀ ਪਰ ਅਧੁਨਿਕ ਹਥਿਆਰ ਜਿਨ੍ਹਾਂ ਵਿਚ ਮਾਰਟਰ ਤੋਪਾਂ, ਐਂਟੀ ਪਰਸਨਲ ਮਾਈਨਜ਼ ਅਤੇ ਐਂਟੀ-ਟੈਂਕ, ਰੋਕਿਟ ਆਦਿ ਹਥਿਆਰਾਂ ਬਾਰੇ ਖੁਫੀਆ ਵਿਭਾਗ ਸਹੀ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਿਆ। ਇਹ ਅਧੁਨਿਕ ਹਥਿਆਰ ਕੈਨੇਡਾ, ਅਮਰੀਕਾ, ਸਵੀਡਨ, ਪਾਕਿਸਤਾਨ ਤੇ ਚੀਨ ਤੋਂ ਪ੍ਰਾਪਤ ਕੀਤੇ ਗਏ ਦੱਸੀ ਦੇ ਹਨ ਜਿਨ੍ਹਾਂ ਤੇ ਇਨ੍ਹਾਂ ਮੁਲਕਾਂ ਦੇ ਨਿਸ਼ਾਨ ਵੀ ਹਨ।

ਫੌਜੀ ਸੂਤਰਾਂ ਅਨੁਸਾਰ ਇਹ ਹਥਿਆਰ ਪਾਕਿਸਤਾਨ ਰਾਹੀਂ ਅੰਮ੍ਰਿਤਸਰ ਪੁਜੇ। ਸਰਹੱਦ ਖੁਲ੍ਹੀ ਹੋਣ ਕਾਰਨ ਹਥਿਆਰਾਂ ਦੀ ਆਵਾਜਾਈ ਸੌਖੇ ਢੰਗ ਨਾਲ ਹੋ ਸਕੀ। 'ਪਾਕਿਸਤਾਨ ਦੀ ਮੱਦਦ ਤੋਂ ਬਿਨਾਂ ਬਾਹਰਲੇ ਮੁਲਕਾਂ ਦੇ ਹਥਿਆਰਾਂ ਦਾ ਪਹੁੰਚਣਾ ਹੋਰ ਕਿਸੇ ਢੰਗ ਨਾਲ ਸੰਭਵ ਨਹੀਂ ਸੀ।'

# ਪਾਕਿਸਤਾਨ ਵਲੋਂ ਦੋਸ਼ਾਂ ਦਾ ਖੰਡਨ

ਪਾਕਿਸਤਾਨ ਸਰਕਾਰ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਭਾਰਤ ਦੀ ਸਰਕਾਰ ਦਾ ਦੋਸ਼ ਨਿਰਮੂਲ ਹੈ ਅਤੇ ਗ਼ੈਰ ਜ਼ੁਮੇਂਵਾਰੀ ਵਾਲਾ ਹੈ।

ਧਰਮ ਜਿਉਂ ਹੀ ਇਕ ਸੰਪ੍ਰਦਾਇ ਦਾ ਰੂਪ ਧਾਰ ਲੈਂਦਾ ਹੈ, ਉਹ ਇਕ ਰਾਜਨੀਤਕ ਤਾਕਤ ਬਣ ਜਾਂਦਾ ਹੈ। ਮੋਸੇਸ (ਮੂਸਾ) ਤੋਂ ਲੈ ਕੇ ਅਜ ਤਕ ਹਰ ਸੰਪ੍ਰਦਾਇ ਦਾ ਜਨਮਦਾਤਾ ਹਕੂਮਤ ਦਾ ਮੁਖੀ ਬਣ ਜਾਂਦਾ ਰਿਹਾ ਹੈ।

— ਡੇਨੀਅਲ ਦ ਲਿਓਨ




General Tours and Travel Service

LOW LOW RATES TO : India, Pakistan, Bangladesh & Ceylon on Air India, Pakistan Airlines, Kuwait, Air France, KLM Or Any Airline of your choice.



ASHOK PURI

261 KENNEDY STREET, WINNIPEG, MANITOBA, R3C 1T2

Ph. [204]943-0596



VIDEO MART

GUARANTEED CLEAR PRINTS

3369 'A' KINGSWAY (near Joyce) VANCOUVER, 438-3355

ਸਾਡੇ ਕੋਲੋਂ ਤੁਹਾਨੂੰ ਹਰ ਤਰ੍ਹਾਂ ਦੀਆਂ ਪੰਜਾਬੀ, ਹਿੰਦੀ, ਗੁਜਰਾਤੀ ਮੂਵੀਆਂ ਮਿਲ ਸਕਦੀਆਂ ਹਨ। ਵੀਡੀਓ ਮਸ਼ੀਨਾਂ ਤੇ ਟੀ. ਵੀ. ਵੀ ਮਿਲਦੇ ਹਨ।

GUARANTEED PRINTS

FAST SERVICE GUARANTEED MAIL ORDERS ACCEPTED

ਵਧੀਆ ਪ੍ਰਿੰਟਾਂ ਲਈ ਹਮੇਸ਼ਾ ਕਿੰਗਜ਼ਵੇ ਤੇ ਵੀਡੀਓ ਮਾਰਟ ਨੂੰ ਯਾਦ ਰੱਖੋ

NARINDER JASWAL

JOGA S. MANN

# ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਅੰਤਮ ਸਸਕਾਰ ਕਰ ਦਿਤਾ ਗਿਆ

ਸੰਤ ਜਰਨੈਨ ਸਿੰਘ ਭਿੰਡਰਾਂਵਾਲੇ, ਜੋ ਕਿ ਹੋਰਨਾਂ ਸਿੱਖਾਂ ਦੇ ਨਾਲ ਅਕਾਲ ਤਖਤ ਵਿਖੇ, ਮਿਲਟਰੀ ਦੇ ਹਮਲੇ ਸਮੇਂ ਸ਼ਹੀਦ ਹੋ ਗਏ ਸਨ, ਦਾ ਅੰਤਮ ਸਸਕਾਰ ਸਰਕਾਰੀ ਅਧਿਕਾਰੀਆਂ ਨੇ ਅੰਮ੍ਰਿਤਸਰ ਦੇ ਬਾਹਰ ਬਾਰ ਕਿਸੇ ਸਥਾਨ ਉਪਰ ਕਰ ਦਿੱਤਾ ਹੈ। ਨਿਊਯਾਰਕ ਟਾਈਮਜ਼ ਨੇ ਖਬਰ ਦਿੱਤੀ ਹੈ ਕਿ ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਦੇਹ ਨੂੰ ਕਿਸੇ ਨੇ ਲੈ ਜਾਣਾ ਨਹੀਂ ਚਾਹਿਆ। ਅਖਬਾਰ ਨੇ ਕਿਹਾ ਹੈ ਕਿ ਸਰਕਾਰ ਵਲੋਂ ਦਿੱਤੀ ਸੂਚਨਾ ਅਨੁਸਾਰ ਉਨ੍ਹਾਂ ਦਾ ਅੰਤਮ ਸਸਕਾਰ ਧਾਰਮਕ ਰੀਤਾਂ ਅਨੁਸਾਰ ਕੀਤਾ ਗਿਆ ਹੈ। ਅਖਬਾਰ ਨੇ ਬਾਕੀ ਸ਼ਹੀਦ ਹੋਏ ਸਿੱਖਾਂ ਦੇ ਅੰਤਮ ਸਸਕਾਰ ਸੰਬੰਧੀ ਕੋਈ ਖਬਰ ਨਹੀਂ ਦਿੱਤੀ। ਪ੍ਰੰਤੂ ਅਨੁਮਾਨ ਲਾਇਆ ਜਾਂਦਾ ਹੈ ਕਿ ਬਾਕੀ ਸ਼ਹੀਦ ਹੋਏ ਸਿੱਖਾਂ ਦਾ ਵੀ ਅੰਤਮ ਸਸਕਾਰ ਉਸ ਸਮੇਂ ਕੀਤਾ ਗਿਆ ਹੈ।

# 4000 ਵਿਅਕਤੀ ਪਕੜੇ ਗਏ

ਇਕੱਲੇ ਅੰਮ੍ਰਿਤਸਰ ਵਿਚ 4000 ਵਿਅਕਤੀ ਪਕੜੇ ਜਾਣ ਦੀ ਸੂਤਰਾਂ ਨੇ ਪੁਸ਼ਟੀ ਕੀਤੀ ਹੈ। ਇਨ੍ਹਾਂ ਵਿਚੋਂ 2000 ਦੇ ਲਗਪਗ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਸੈਂਟਰਲ ਸਕੂਲ ਵਿਚ ਨਜ਼ਰਬੰਦ ਰੱਖਿਆ ਗਿਆ ਹੈ। ਸ਼ਨਿਚਰਵਾਰ ਦੀ ਰਾਤ ਨੂੰ ਇਨ੍ਹਾਂ ਵਿਚੋਂ ਕੁਝ ਨੇ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਫੌਜੀਆਂ ਨੇ ਗੋਲੀਆਂ ਚਲਾਈਆਂ ਜਿਸ ਕਾਰਨ ਕਈ ਵਿਅਕਤੀ ਮਾਰੇ ਜਾਣ ਦੀ ਖਬਰ ਹੈ। ਇਨ੍ਹਾਂ ਦੀ ਗਿਣਤੀ ਨਹੀਂ ਦੱਸੀ ਗਈ।

# ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾਂ ਸਭ ਇਮਾਰਤਾਂ ਤੇ ਗੋਲੀਆਂ ਦੇ ਨਿਸ਼ਾਨ

ਅੰਮ੍ਰਿਤਸਰ — ਇਕ ਖਬਰ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਤੋਂ ਬਿਨਾਂ ਹਰਿਮੰਦਰ ਸਾਹਿਬ ਕੰਪਲੈਕਸ ਦੀਆਂ ਬਾਕੀ ਸਭ ਇਮਾਰਤਾਂ ਤੇ ਗੋਲੀਆਂ ਦੇ ਨਿਸ਼ਾਨ ਨਜ਼ਰ ਆਉਂਦੇ ਹਨ। ਇਕ ਦਰਸ਼ਕ ਅਨੁਸਾਰ ਸੰਤ ਭਿੰਡਰਾਂਵਾਲਾ ਦੇ ਸ਼ਰਧਾਲੂਆਂ ਨੇ ਫੌਜੀ ਹਮਲੇ ਤੋਂ ਪਹਿਲਾਂ ਹੀ ਕੰਪਲੈਕਸ ਦੀਆਂ ਸਭ ਇਮਾਰਤਾਂ ਤੇ ਕਬਜ਼ਾ ਕਰ ਲਿਆ ਸੀ ਕੇਵਲ ਤੇਜਾ ਸਿੰਘ ਸਮੁੰਦਰੀ ਹਾਲ ਉਤੇ ਸੁਖਦੇਵ ਸਿੰਘ ਬੱਬਰ ਦੇ ਜਥੇ ਦਾ ਕਬਜ਼ਾ ਸੀ ਜਿਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਗੁਰਚਰਨ ਸਿੰਘ ਟੌਹੜਾ ਦਾ ਨਿਵਾਸ ਸੀ। ਇਕ ਹੋਰ ਖਬਰ ਅਨੁਸਾਰ ਸੰਤ ਭਿੰਡਰਾਂਵਾਲਾ ਦੇ ਸ਼ਰਧਾਲੂਆਂ ਵਲੋਂ ਤੇਜਾ ਸਿੰਘ ਸਮੁੰਦਰੀ ਹਾਲ ਤੇ ਤਿੰਨ ਵਾਰ ਕਬਜ਼ਾ ਕਰਨ ਦੀ ਕੋਸ਼ਿਸ਼ ਬੱਬਰ ਜਥੇ ਨੇ ਫੇਲ੍ਹ ਕਤੀ।

ਸ੍ਰੀ ਅਕਾਲ ਤਖਤ ਸਾਹਿਬ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਜਿਥੇ ਸੰਤ ਭਿੰਡਰਾਂਵਾਲਾ ਦਾ ਜੱਥਾ ਸੀ। ਪੁਲਸ ਅਧਿਕਾਰੀਆਂ ਮੁਤਾਬਕ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਵਿਚ ਇਕ ਸੁਰੰਗ ਵੀ ਪੁੱਟੀ ਹੋਈ ਮਿਲੀ। ਪਰ ਪੁਲਸ ਅਧਿਕਾਰੀਆਂ ਨੇ ਸੁਰੰਗ ਬਾਰੇ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿਤਾ।

ਪਿਛਲੇ ਵੀਰਵਾਰ ਤੇਜਾ ਸਿੰਘ ਸਮੁੰਦਰੀ ਹਾਲ ਵਿਚੋਂ ਵੀ ਗੋਲੀ ਚਲਦੀ ਰਹੀ ਜਿਸ ਨਾਲ ਸੱਤ ਫੌਜੀ ਸਿਪਾਹੀ ਜ਼ਖਮੀ ਹੋਏ।

8 ਜੂਨ ਨੂੰ ਅੰਮ੍ਰਿਤਸਰ ਜ਼ਿਲੇ ਵਿਚੋਂ ਫੌਜੀ ਅਧਿਕਾਰੀਆਂ ਨੇ 120 ਐਂਟੀ-ਪਰਸਨਲ ਮਾਈਨਜ਼, .303 ਦੀਆਂ 14 ਰਫਲਾਂ, ਇਕ ਸੈਲਫ ਲੋਡਿੰਗ ਰਾਈਫਲ, ਦੋ ਹਲਕੀਆਂ ਮਸ਼ੀਨ-ਗੰਨਾਂ, 36 ਹੈਂਡ ਗਰਨੇਡ, 27 ਪੈਂਡੂ ਬੰਬ, ਤਿੰਨ ਟਨ ਬਾਰੂਦ, ਟੀ. ਐਨ. ਟੀ. ਦੇ 4 ਬੈਗ ਤੇ ਚਾਰ ਸੂਟਕੇਸ, 12 ਬੋਰ ਦੇ 70 ਕਾਰਟਰਿਜ ਲੱਭੇ।

ਜਨਰਲ ਗੌੜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲੜਾਈ ਦੀ ਤੇਜ਼ੀ ਦਾ ਅੰਦਾਜ਼ਾ ਤੁਸੀਂ ਇਥੋਂ ਹੀ ਲਾ ਸਕਦੇ ਹੋ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਫਰਸ਼ ਤੇ ਖਾਲੀ ਕਾਰਤੂਸ ਚੌਹੀਂ ਪਾਸੀਂ ਨਜ਼ਰ ਆਉਂਦੇ ਸਨ।

ਵੀਰਵਾਰ ਨੂੰ ਰੱਖਿਆ ਮੰਤਰਾਲੇ ਦੇ ਵਜ਼ੀਰ ਸ੍ਰੀ ਕੇ. ਪੀ. ਸਿੰਘ ਦੇਓ ਨੇ ਵੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਅੱਖੀਂ ਵੇਖਿਆ।

ਸੂਬਾ ਸਰਕਾਰ ਨੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹੋਏ ਨੁਕਸਾਨ ਦੇ ਅੰਦਾਜ਼ੇ ਲਈ ਮਾਹਿਰਾਂ ਦੀ ਐਸਟੀਮੇਅ ਕਮੇਟੀ ਬਣਾ ਕੇ ਕੰਮ ਸ਼ੁਰੂ ਕਰਵਾ ਦਿਤਾ ਹੈ।

# ਜੰਮੂ ਵਿਚ ਕਰਫੀਊ - ਫੌਜ ਭੇਜੀ ਗਈ

ਜੰਮੂ — ਜੰਮੂ ਵਿਚ ਭੜਕੇ ਹਜੂਮ ਨੇ ਅੱਗਾਂ ਲਾਈਆਂ ਅਤੇ ਹਰਿਮੰਦਰ ਸਾਹਿਕ ਕੰਪਲੈਕਸ ਉਤੇ ਫੌਜੀ ਹਮਲੇ ਦਾ ਹਿਸਾਤਮਕ ਰੂਪ ਵਿਚ ਗੁੱਸਾ ਪ੍ਰਗਟ ਕੀਤਾ। ਜਿਸਦੇ ਸਿਟੇ ਵਜੋਂ ਸੂਬਾ ਪ੍ਰਸਾਸ਼ਨ ਨੇ ਫੌਜ ਬੁਲਾ ਲਈ ਜਿਸ ਵਿਚ 12 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ।

ਸ਼ਹਿਰ ਵਿਚ ਕਰਫੀਊ ਲਗਾ ਦਿਤਾ ਗਿਆ ਹੈ ਅਤੇ ਬਾਜ਼ਾਰਾਂ ਵਿਚ ਫੌਜ ਨੇ ਪੁਜੀਸ਼ਨਾਂ ਸੰਭਾਲ ਲਈਆਂ ਹਨ।



ਕੈਲਗਰੀ ਵਿਚ ਭਾਰਤੀ ਲੋਕਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਫੌਜੀ ਹਮਲੇ ਦੇ ਰੋਸ ਵਿਚ ਭਾਰਤੀ ਝੰਡਾ ਸਾੜਿਆ

# ਮੇਜਰ ਜਨਰਲ ਆਰ. ਐਸ. ਬਰਾੜ ਦਾ ਬਿਆਨ

ਹਰਿਮੰਦਰ ਸਾਹਿਬ ਕੰਪਲੈਕਸ ਦੇ ਲਾਗੇ ਨੀਯਤ ਫੌਜੀ ਕਮਾਂਡਰ ਮੇਜਰ ਜਨਰਲ ਆਰ. ਐਸ. ਬਾਰੜ ਨੇ ਕਿਹਾ ਕਿ ਦੋ ਪਾਕਿਸਤਾਨੀ ਕੰਪਲੈਕਸ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਮਾਰ ਦਿਤੇ ਗਏ ਹਨ ਹਰਿਮੰਦਰ ਸਾਹਿਬ ਦੇ ਕੰਪਲੈਕਸ ਵਿਚੋਂ ਹੋਰ ਪਾਕਿਸਤਾਨੀ ਪਾਸਪੋਰਟ ਦੀ ਲੱਭੇ ਹਨ ਅਤੇ ਜੋ ਕਾਗਜ਼ਾਤ ਲੱਭੇ ਹਨ ਉਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਰਹਿੰਦੇ ਕੁਝ ਕੰਦੇ ਅਕਸਰ ਪਾਕਿਸਤਾਨ ਆਉਂਦੇ ਜਾਂਦੇ ਸਨ।

ਫੌਜੀ ਸੂਤਰਾਂ ਅਨੁਸਾਰ 'ਅਤਿਵਾਦੀਆਂ' ਵਿਚ ਰਲੇ ਅਜਿਹੇ ਸਾਬਕਾ ਫੌਜੀ ਵੀ ਸ਼ਾਮਲ ਸਨ ਜੋ ਪਿਛਲੇ ਕਈ ਸਾਲਾਂ ਤੋਂ ਤਨਖਾਹਾਂ ਤੇ ਤਰੱਕੀਆਂ ਦੇ ਮਾਮਲੇ ਵਿਚ ਨਾਖੁਸ਼ ਸਨ - ਜੋ ਰਿਟਾਇਰ ਹੋਏ ਹੋਏ ਸਨ ਜਾਂ ਜਿਨ੍ਹਾਂ ਨੇ ਹੋਰ ਲਾਹੇਵੰਦ ਕੰਮਾਂ ਲਈ ਫੌਜ ਛੱਡ ਦਿਤੀ ਸੀ।

ਖੁਫੀਆ ਵਿਭਾਗ ਦੇ ਸੂਤਰਾਂ ਨੇ ਅਮਰੀਕੀ ਪੱਤਰਕਾਰ ਨੂੰ ਇਹ ਵੀ ਦੱਸਿਆ ਕਿ ਮੇਜਰ ਜਨਰਲ ਸੁਬੇਗ ਸਿੰਘ ਜਿਸ ਨੇ ਹਰਿਮੰਦਰ ਸਾਹਿਬ ਕੰਪਲੈਕਸ ਅਤੇ ਪੰਜਾਬ ਵਿਚ ਹੋਰ ਥਾਵਾਂ ਤੇ ਟਰੇਨਿੰਗ ਦਿਤੀ ਉਸ ਤੋਂ ਮੇਜਰ ਜਨਰਲ ਦਾ ਅਹੁਦਾ ਖੋਹ ਲਿਆ ਗਿਆ ਸੀ ਕਿਉਂਕਿ ਸੱਤਰਵਿਆਂ ਵਿਚ ਉਸ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਸਨ ਅਤੇ ਉਸਦਾ ਕੋਰਟ ਮਾਰਸ਼ਲ ਵੀ ਕੀਤਾ ਗਿਆ ਸੀ। ਉਸ ਨੇ 1983 ਵਿਚ 2,000 ਸਾਬਕਾ ਫੌਜੀਆਂ ਨੂੰ ਇਕੱਤਰ ਕਰਕੇ ਅੰਮ੍ਰਿਤਸਰ ਵਿਚ ਸੰਤ ਭਿੰਡਰਾਂਵਾਲਾ ਦੇ ਸ਼ਰਧਾਲੂ ਵਜੋਂ ਕੰਮ ਸ਼ੁਰੂ ਕੀਤਾ ਸੀ।

---

ਨੰਗ-ਮੁ-ਨੰਗੇ ਠੁਰ-ਠੁਰ ਕਰਦੇ ਕੱਚੀਆਂ ਕੰਧਾਂ ਉਹਲੇ,
ਇਨ੍ਹਾਂ ਹਿੱਸੇ ਆਉਂਦੀ ਅੱਗ ਨੂੰ ਕਿਹੜਾ ਸੇਕ ਰਿਹਾ ?
ਸਾਡੀ ਧਰਤੀ 'ਤੇ ਹਰ ਬੂਟਾ ਚੜ੍ਹੇ ਜਵਾਨੀ ਸੁਹਣੀ,
ਪਤਾ ਨਹੀਂ ਕਿਉਂ ਫਲ ਦੀ ਰੁੱਤੇ ਫੁੱਲ ਜਾਵੇ ਕੁਮਲਾ।


**BOMBAY SWEETS**
**& Restaurants**
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*


# ਅਮਰਿੰਦਰ ਸਿੰਘ ਤੇ ਦੇਵਿੰਦਰ ਸਿੰਘ ਗਰਚਾ ਅਸਤੀਫੇ ਦੇ ਗਏ

ਨਵੀਂ ਦਿੱਲੀ — ਪੰਜਾਬ ਦੇ ਦੋ ਪਾਰਲੀਮੈਂਟ ਮੈਂਬਰ ਅਮਰਿੰਦਰ ਸਿੰਘ ਪਟਿਆਲਾ ਤੇ ਦੇਵਿੰਦਰ ਸਿੰਘ ਗਰਚਾ ਕਾਂਗਰਸੀ ਪਾਰਲੀਮਾਨੀ ਮੈਂਬਰਾਂ ਦੇ ਤੌਰ ਤੇ ਅਸਤੀਫਾ ਦੇ ਗਏ ਹਨ।


**ਫਾਰਮ ਕਾਮਿਆਂ ਦੀ ਜ਼ਰੂਰਤ**

ਪਿਆਰੇ ਫਾਰਮ ਵਰਕਰੋ,

ਅਸੀਂ ਇਸ ਸਾਲ ਤੋਂ ਫਾਰਮ ਤੇ ਵਰਕਰ ਲਿਜਾਣ ਦਾ ਕੰਮ ਕਰ ਰਹੇ ਹਾਂ। ਇਸ ਲਈ ਸਾਨੂੰ ਤੁਹਾਡੀ ਜ਼ਰੂਰਤ ਹੈ ਤੇ ਅਸੀਂ ਤੁਹਾਨੂੰ ਹੇਠ ਲਿਖੀਆਂ ਸਹੂਲਤਾਂ ਦੇਣ ਦੀ ਹਾਮੀ ਭਰਦੇ ਹਾਂ।

- ਕੰਮ ਕਰਨ ਵਾਲਿਆਂ ਨੂੰ ਘਰ ਤੋਂ ਆਰਾਮ ਸਹਿਤ ਲੈ ਜਾਵਾਂਗੇ। ਤੇ ਘੱਟ ਤੋਂ ਘੱਟ ਸਮੇਂ ਤੇ ਕੰਮ ਤੇ ਪਹੁੰਚਾਂਵਾਗੇ।
- ਪੈਸੇ ਸਹੀ ਸਮੇਂ ਸਿਰ ਦਿਤੇ ਜਾਣਗੇ।
- ਰੇਟ ਬਿਲਕੁਲ ਵਾਜਬ ਦਿਤੇ ਜਾਣਗੇ।
- ਸਾਡੇ ਕੋਲ ਕੰਮ ਲੰਮੇ ਸਮੇਂ ਲਈ ਹੈ।
- ਸਾਡੇ ਕੋਲ ਕੰਮ ਹਰ ਤਰ੍ਹਾਂ ਦਾ ਹੈ।

ਜੇ ਤੁਸੀਂ ਆਪ ਜਾਂ ਤੁਹਾਡਾ ਕੋਈ ਜਾਨਣ ਵਾਲਾ ਫਾਰਮ ਤੇ ਕੰਮ ਕਰਨਾ ਚਾਹੁੰਦਾ ਹੈ ਤਾਂ ਫੋਨ ਕਰੋ :

ਇੰਡੀਅਨ ਮੈਨ ਪਾਵਰ ਪੂਲ ਦੇ ਮਾਲਕ
ਮਿਸਟਰ ਸਹੋਤਾ ਨੂੰ
ਫੋਨ : 596-4693
ਫੋਨ ਕਰਨ ਦਾ ਸਮਾਂ ਸ਼ਾਮ ਦੇ 5 ਵਜੇ ਤੋਂ
9 ਵਜੇ ਤੱਕ
Mon. to Friday
ਸ਼ਨਿਚਰਵਾਰ ਤੇ ਐਤਵਾਰ ਸਾਰਾ ਦਿਨ



**Goyal Travels Inc.**
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
Cheapest Fares to:
FIJI—INDIA—PAKISTAN—COLOMBO—NEPAL




**THINKING OF TRAVEL?**
WE CAN SAVE YOU
TIME—TROUBLE—MONEY
ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

# ਭਾਰਤ ਦਰਪਣ

## ਪੰਜਾਬ ਦੀ ਹਾਲਤ ਸੁਧਰਨ ਨੂੰ ਕਈ ਮਹੀਨੇ ਲੱਗਣਗੇ — ਫੌਜੀ ਬੁਲਾਰਾ

ਨਵੀਂ ਦਿੱਲੀ — 10 ਜੂਨ— ਇਕ ਅਮਰੀਕੀ ਅਖਬਾਰ ਅਨੁਸਾਰ 5000 ਦਹਿਸ਼ਤਪਸੰਦ ਅਜੇ ਵੀ ਫੜੇ ਨਹੀਂ ਜਾ ਸਕੇ। ਫੌਜੀ ਸੂਤਰਾਂ ਨੇ ਇਥੇ ਕਿਹਾ ਕਿ ਪਹਿਲਾਂ ਕੇਵਲ 500 ਦਹਿਸ਼ਤਪਸੰਦਾਂ ਦਾ ਪੰਜਾਬ ਵਿਚ ਅਨੁਮਾਨ ਸੀ ਪਰ ਹੁਣ ਇਨਾਂ ਦੀ ਗਿਣਤੀ 5000 ਦੇ ਲਗਪਗ ਹੈ ਤੇ ਇਨਾਂ ਸਾਰਿਆਂ ਨੂੰ ਫੜਨ ਲਈ ਅਜੇ ਛੇ ਮਹੀਨੇ ਲੱਗਣਗੇ।

ਪੰਜਾਬ ਬਾਰੇ ਖਬਰਾਂ ਦੇਣ ਲਈ ਲੋਕ ਫੌਜੀ ਸੂਤਰਾਂ ਤੇ ਹੀ ਨਿਰਭਰ ਕਰ ਰਹੇ ਹਨ। ਦਹਿਸ਼ਤਪਸੰਦੀ ਵਿਰੁਧ ਫੌਜੀ ਕਾਰਵਾਈ ਜਾਰੀ ਹੈ। ਬਦੇਸ਼ੀਆਂ ਅਤੇ ਪੱਤਰਕਾਰਾਂ ਨੂੰ ਪੰਜਾਬ ਦੇ ਇਲਾਕਿਆਂ ਵਿਚ ਜਾਣ ਤੇ ਪਾਬੰਦੀ ਹੈ ਅਤੇ ਪੰਜਾਬ ਵਿਚ ਖਬਰਾਂ ਛਾਪੇ ਜਾਣ ਗੈਰ ਕਾਨੂੰਨੀ ਹੈ।

ਸੂਤਰਾਂ ਨੇ ਕਿਹਾ ਹੈ ਕਿ ਪੰਜਾਬ ਬਾਰੇ ਖਬਰਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਸਰਕਾਰ ਦਾ ਪਹਿਲਾ ਵਿਸ਼ਵਾਸ਼ ਸੀ ਕਿ ਵੱਧ ਤੋਂ ਵੱਧ 500 ਅਤਿਵਾਦੀ ਤੇ ਦਹਿਸ਼ਤਪਸੰਦ ਅਜਿਹੇ ਹਨ ਜੋ ਸਾਰੀਆਂ ਕਾਰਵਾਈਆਂ ਕਰ ਰਹੇ ਹਨ ਜਿਵੇਂ ਹਿੰਦੂ ਤੇ ਕਾਂਗਰਸੀ ਲੀਡਰਾਂ ਦੇ ਕਤਲ, ਹਿੰਦੂ ਵਪਾਰੀਆਂ ਦੇ ਕਤਲ, ਸਿਖ-ਵਿਰੋਧੀ ਅਨਸਰਾਂ ਦੇ ਕਤਲ ਅਤੇ ਇਨ੍ਹਾਂ ਵਿਚ ਆਮ ਲੋਕਾਂ ਦੇ ਕਤਲ, ਬੈਂਕ ਡਕੈਤੀਆਂ ਵੀ ਸ਼ਾਮਲ ਸਨ।

ਸੂਤਰਾਂ ਦਾ ਕਹਿਣਾ ਹੈ ਕਿ ਇਸ ਗਲਤ ਅੰਦਾਜ਼ੇ ਦੇ ਦੋ ਕਾਰਨ ਹੋ ਸਕਦੇ ਹਨ। ਇਕ ਤਾਂ ਗੁਫੀਆ ਵਿਭਾਗ ਦਾ ਨਾਅਹਿਲ ਹੋਣਾ ਤੇ ਦੂਜੇ ਸਰਕਾਰ ਵਲੋਂ ਜਾਣ ਬੁਝ ਕੇ ਗਿਣਤੀ ਨੂੰ ਥੋੜ੍ਹਾ ਦੱਸੇ ਜਾਣਾ।

ਜਦੋਂ ਗ੍ਰਹਿ ਵਿਭਾਗ ਦੇ ਇਕ ਬੁਲਾਰੇ ਤੋਂ ਇਹ ਪੁਛਿਆ ਗਿਆ ਕਿ ਦਹਿਸ਼ਤਪਸੰਦਾਂ ਦੀ ਕਿੰਨੀ ਗਿਣਤੀ ਹੈ ਤਾਂ ਉਸਨੇ ਜਵਾਬ ਦਿਤਾ ਕਿ 'ਅੰਦਾਜ਼ਾ ਲਾਉਣਾ ਮੁਸ਼ਕਲ ਹੈ।'

### 2,000 ਤੱਕ ਗਿਣਤੀ ਜਾ ਪੁੱਜੀ

ਫੌਜੀ ਸੂਤਰਾਂ ਅਨੁਸਾਰ ਹੁਣ ਤੱਕ 2000 ਬੰਦੇ ਫੜੇ ਜਾਂ ਮਾਰੇ ਜਾ ਚੁਕੇ ਹਨ। 3 ਜੂਨ ਤੋਂ 10 ਜੂਨ ਤੱਕ ਇਹ ਗਿਣਤੀ ਦੱਸੀ ਗਈ ਹੈ ਜਿਸ ਵੇਲੇ ਫੌਜ ਨੇ ਪੰਜਾਬ ਤੇ ਕਬਜ਼ਾ ਕੀਤਾ ਮੰਗਲਵਾਰ ਤੇ ਬੁੱਧਵਾਰ ਮਰਨ ਵਾਲਿਆਂ ਦੀ ਗਿਣਤੀ 900 ਦੱਸੀ ਗਈ ਹੈ।

ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ 'ਹਰਿਮੰਦਰ ਸਾਹਿਬ ਵਿਚ ਲੁਕੇ ਬੰਦਿਆਂ ਬਾਰੇ ਸਾਡੇ ਕੋਲ ਮੁਕੰਮਲ ਜਾਣਕਾਰੀ ਸੀ ਕਿ ਕਿੰਨੇ ਅਜਿਹੇ ਬੰਦੇ ਉਥੇ ਛੁਪੇ ਹੋਏ ਹਨ ਪਰ ਦੂਜੇ ਪੜਾਅ ਔਖਾ ਹੈ ਕਿਉਂਕਿ ਪੰਜਾਬ ਵਿਚ ਜਿਨ੍ਹਾਂ ਲੋਕਾਂ ਨੇ ਪਹਿਲਾਂ ਕਤਲ ਕੀਤੇ ਹਨ ਉਨ੍ਹਾਂ ਨੂੰ ਫੜਨ ਲਈ ਕਾਫੀ ਸਮਾਂ ਲੱਗੇਗਾ। ਹੋ ਸਕਦਾ ਹੈ ਕਿ ਅਜਿਹੇ ਕਾਤਲਾਂ ਦੀ ਭਾਲ ਨੂੰ ਛੇ ਮਹੀਨੇ ਲੱਗ ਜਾਂਣ।'

## ਰਾਜੀਵ ਗਾਂਧੀ ਨੇ ਤਿੰਨ ਮਹੀਨੇ ਕਿਹਾ

ਇਕ ਅਮਰੀਕੀ ਅਖਬਾਰ ਦੀ ਖਬਰ ਅਨੁਸਾਰ ਇੰਦਰਾ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਰਾਜੀਵ ਗਾਂਧੀ ਨੇ ਦਿੱਲੀ ਵਿਚ ਸ਼ਨਿਚਰਵਾਰ ਨੂੰ ਕਿਹਾ ਕਿ ਮੁਕੰਮਲ ਕਾਰਵਾਈ ਲਈ ਦੋ ਤੋਂ ਤਿੰਨ ਮਹੀਨੇ ਦਾ ਸਮਾਂ ਲੱਗੇਗਾ।

9 ਜੂਨ ਸ਼ਨਿਚਰਵਾਰ ਨੂੰ ਸਰਕਾਰੀ ਸੂਤਰਾਂ ਅਨੁਸਾਰ 20 ਦਹਿਸ਼ਤਪਸੰਦ ਮਾਰੇ ਗਏ ਸਨ। ਬਦੇਸ਼ੀ ਹਥਿਆਰ ਭਾਰੀ ਮਾਤਰਾ ਵਿਚ ਮਿਲ ਰਹੇ ਹਨ। ਤੇ ਬਦੇਸ਼ੀ ਹਥਿਆਰ ਬਹੁਤ ਆਧੁਨਿਕ ਕਿਸਮ ਦੇ ਬਰਾਮਦ ਹੋਏ ਹਨ।

ਸਰਕਾਰੀ ਖਬਰਾਂ ਅਨੁਸਾਰ 80 ਵਿਅਕਤੀ ਤਰਨ ਤਾਰਨ ਤੋਂ ਗ੍ਰਿਫਤਾਰ ਹੋਏ ਹਨ ਅਤੇ ਇਹ 80 ਵਿਅਕਤੀ ਫੌਜ ਨੇ ਇਕੋ ਅਪਰੇਸ਼ਨ ਵਿਚ ਗ੍ਰਿਫਤਾਰ ਕੀਤੇ ਹਨ।

ਐਤਵਾਰ ਨੂੰ ਪੰਜਾਬ ਵਿਚ ਕਿਸੇ ਵਿਅਕਤੀ ਦੇ ਮਰਨ ਦੀ ਖਬਰ ਨਹੀਂ ਸੀ ਪਰ ਸ਼ਨਿਚਰਵਾਰ ਦੀ ਸ਼ਾਮ 11 ਵਿਅਕਤੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹੀ ਮਾਰੇ ਗਏ ਦੱਸੇ ਗਏ ਹਨ।

## ਕਰਫੀਊ ਵਿਚ ਢਿੱਲ ਦਿੱਤੀ ਜਾ ਰਹੀ ਹੈ

ਫੌਜ ਨੇ ਦਸ ਜੂਨ ਤੋਂ ਕਰਫੀਊ ਵਿਚ ਢਿੱਲ ਕਰਨੀ ਸ਼ੁਰੂ ਕਰ ਦਿਤੀ ਹੈ। 3 ਜੂਨ ਤੋਂ 9 ਜੂਨ ਤੱਕ ਮੁਕੰਮਲ ਕਰਫੀਊ ਪਿੰਡਾਂ ਅਤੇ ਸ਼ਹਿਰਾਂ ਵਿਚ ਜਾਰੀ ਰਿਹਾ। ਅੰਮ੍ਰਿਤਸਰ ਵਿਚ ਵੀ ਦੋ ਤੋਂ ਬਾਰਾਂ ਘੰਟੇ ਤੱਕ ਕਰਫੀਊ ਵਿਚ ਢਿੱਲ ਦਿਤੀ ਜਾ ਰਹੀ ਹੈ।

## ਸੰਤ ਲੌਂਗੋਵਾਲ ਤੇ ਜਥੇਦਾਰ ਟੌਹੜਾ ਰਾਜਸਥਾਨ ਜੇਲ੍ਹ ਵਿਚ

ਸੰਤ ਹਰਚੰਦ ਸਿੰਘ ਲੌਂਗੋਵਾਲ ਜੋ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ ਉਹ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਫੜੇ ਗਏ ਸਨ ਅਤੇ ਇਨ੍ਹਾਂ ਦੋਵਾਂ ਨੂੰ ਰਾਜਸਥਾਨ ਦੇ ਸੂਬੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਲਗਪਗ ਤਿੰਨ ਸਾਲ ਤੋਂ ਸੂਬਿਆਂ ਨੂੰ ਵੱਧ ਅਧਿਕਾਰਾਂ ਅਤੇ ਧਾਰਮਿਕ ਮੰਗਾਂ ਲਈ ਮੋਰਚਾ ਲਾਇਆ ਹੋਇਆ ਸੀ। ਸਿਖ ਬੇਸ਼ੱਕ ਭਾਰਤ ਵਿਚ ਘੱਟ ਗਿਣਤੀ ਹਨ ਪਰ ਪੰਜਾਬ ਵਿਚ ਵੱਧ ਗਿਣਤੀ ਵਿਚ ਹਨ।

---

ਪੱਥਰਾਂ ਤੇ ਨੰਗੇ ਪੈਰੀਂ ਤੁਰ ਕੇ ਆਈ ਏ ਹਵਾ
ਕੌਣ ਅੱਜ ਸ਼ੀਸ਼ੇ ਦੇ ਘਰ ਵਿਚ ਚੀਕਿਆ ਏ ਕੀ ਪਤਾ ?

## ਮਨੁੱਖੀ ਦਰਦ ਵੰਡਾਉਣ ਵਾਲਿਆਂ ਦੇ ਨਾਂ ਅਪੀਲ

ਮੇਰੇ ਪਤੀ, ਸ੍ਰੀ ਰਾਜੀਵ ਚੌਧਰੀ, ਜਿਨ੍ਹਾਂ ਦੀ ਉਮਰ 33 ਸਾਲ ਹੈ, ਦੋਵੇਂ ਗੁਰਦੇ ਫੇਲ ਹੋਣ ਕਾਰਨ ਪੀ. ਜੀ. ਆਈ. ਚੰਡੀਗੜ੍ਹ ਹਸਪਤਾਲ ਵਿਚ ਦਾਖਲ ਹਨ। ਉਨ੍ਹਾਂ ਦੀ ਜ਼ਿੰਦਗੀ ਕੇਵਲ ਨਵੇਂ ਗੁਰਦੇ ਪਾ ਕੇ (Kidney Transplant) ਹੀ ਬਚਾਈ ਜਾ ਸਕਦੀ ਹੈ। ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਦਾ ਲਹੂ ਗਰੁਪ ਨਾਲ ਨਾ ਮਿਲਣ ਕਾਰਨ ਉਨ੍ਹਾਂ ਨੂੰ ਹੋਰ ਗੁਰਦੇ ਪਾਏ ਜਾਣ ਦੇ ਉਪਰੇਸ਼ਨ ਦੀ ਲੋੜ ਹੈ।

ਇਹ ਉਪਰੇਸ਼ਨ ਯੂਰਪ ਜਾਂ ਅਮਰੀਕਾ ਵਿਚ ਹੀ ਹੋ ਸਕਦਾ ਹੈ। ਇਸ ਇਲਾਜ ਉਤੇ ਤਿੰਨ ਤੋਂ ਚਾਰ ਲੱਖ ਰੁਪਏ ਖਰਚ ਆਉਣਗੇ। ਇਸ ਤੋਂ ਬਿਨਾਂ ਬੀਮਾਰ ਦਾ ਹਵਾਈ ਜਹਾਜ਼ ਦਾ ਖਰਚ, ਰਹਿਣ ਸਹਿਣ ਦਾ ਖਰਚ ਤੇ ਅੱਠ ਹਫਤੇ ਹਸਪਤਾਲ ਤੋਂ ਬਾਹਰ ਉਪਰੇਸ਼ਨ ਤੋਂ ਪਿਛੋਂ ਰਹਿਣ ਦਾ ਖਰਚ ਵੀ ਹਨ ਇਹ ਡਾਕਟਰਾਂ ਅਨੁਸਾਰ ਦੋ ਲੱਖ ਦੇ ਲਗਪਗ ਹੋਵੇਗਾ।

ਮੇਰੇ ਪਤੀ ਦੇ ਪਿਤਾ ਰੀਟਾਇਰ ਹੋ ਚੁਕੇ ਹਨ ਅਤੇ ਖਰਚ ਬਰਦਾਸ਼ਤ ਕਰਨ ਦੇ ਕਾਬਿਲ ਨਹੀਂ। ਮੇਰੇ ਆਪਣੇ ਪਿਤਾ ਕਈ ਸਾਲ ਪਹਿਲਾਂ ਸਵਰਗਵਾਸ ਹੋ ਚੁਕੇ ਹਨ। ਸਾਡੀ ਆਮਦਨ ਬੜੀ ਸੀਮਤ ਹੈ। ਮੇਰੇ ਪਤੀ (ਵਿਜੇ ਬੈਂਕ) ਦੇ ਮੁਲਾਜ਼ਮ ਹਨ - ਬੈਂਕ, ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਸਹਾਇਤਾ ਦਾ ਬਚਨ ਦਿਤਾ ਹੈ — ਇਹ ਸਾਰਾ ਕੁਝ ਇਕੱਠਾ ਕਰਕੇ ਵੀ ਖਰਚ ਦਾ ਇਕ ਤਿਹਾਈ ਪੂਰਾ ਹੋਵੇਗਾ।

ਮੇਰੇ ਦੋ ਛੋਟੇ ਛੋਟੇ ਬੱਚੇ ਹਨ ਅਤੇ ਹੁਣ ਸਾਡੇ ਪਰਵਾਰ ਦਾ ਭਵਿਖ ਮਨੁੱਖੀ ਦਰਦ ਨੂੰ ਸਮਝਣ ਵਾਲੇ ਦਾਨੀਆਂ ਅਤੇ ਮਨੁੱਖੀ ਹਮਦਰਦੀ ਕਰਨ ਵਾਲੀਆਂ ਸੰਸਥਾਵਾਂ ਤੇ ਨਿਰਭਰ ਕਰਦਾ ਹੈ ਜੋ ਇਸ ਦੁੱਖ ਦੇ ਸਮੇਂ ਸਾਡੇ ਪਰਵਾਰ ਦੀ ਸਹਾਇਤਾ ਕਰ ਸਕਦੀਆਂ ਹਨ।

ਇਸ ਦੁੱਖ ਸਮੇਂ ਮੈਂ ਸਭ ਦਾਨੀ ਸੱਜਣਾਂ ਅਤੇ ਸੰਸਥਾਵਾਂ ਨੂੰ ਬੇਨਤੀ ਕਰਦੀ ਹਾਂ ਕਿ ਇਸ ਸਮੇਂ ਮੇਰੀ ਅਤੇ ਪਰਵਾਰ ਦੀ ਸਹਾਇਤਾ ਕਰੋ ਤਾਂਕਿ ਮੈਂ ਆਪਣੇ ਪਤੀ ਦੀ ਜਾਨ ਬਚਾ ਸਕਾਂ।

ਦਸਤਖਤ
ਨੀਲਮਾ ਚੌਧਰੀ
1211, Sector 15-B
Chandigarh

ਇਹ ਉਪਰੋਕਤ ਅਪੀਲ 'ਕੈਨੇਡਾ ਦਰਪਣ' ਨੂੰ ਪਹੁੰਚੀ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਇਸ ਪਰਵਾਰ ਦੀ ਸਹਾਇਤਾ ਲਈ ਜੋ ਵੀ ਤਿਲ ਫੁਲ ਪਾਠਕ ਭੇਜ ਸਕਦੇ ਹਨ, ਜ਼ਰੂਰ ਭੇਜੇ ਜਾਣ। ਇਹ ਮਾਇਆ ਸਿੱਧੀ ਸ੍ਰੀਮਤੀ ਨੀਲਮਾ ਚੌਧਰੀ 1211, ਸੈਕਟਰ 15-ਬੀ, ਚੰਡੀਗੜ੍ਹ ਦੇ ਪਤੇ ਤੇ ਡਰਾਫਟ, ਮਨੀਆਰਡਰ ਰਾਹੀਂ ਭੇਜੀ ਜਾਵੇ। ਉਹ ਤੁਹਾਨੂੰ ਰਸੀਦ ਸਿੱਧੀ ਭੇਜ ਦੇਣਗੇ। ਦੁੱਖ, ਦਰਦ ਨੂੰ ਸਮਝਣ ਵਾਲੀਆਂ ਸੰਸਥਾਵਾਂ ਵੀ ਇਸ ਦੁੱਖ ਸਮੇਂ ਸ੍ਰੀਮਤੀ ਚੌਧਰੀ ਨੂੰ ਸਹਾਇਤਾ ਜ਼ਰੂਰ ਭੇਜਣ।

(Space donated by Canada Darpan)

ਕਾਣੀ-ਟੀਰੀ ਅੱਖ ਵਾਲੀ
ਦਿੱਲੀਏ ! ਕਿਤਾਬ ਤੇਰੀ
ਇਹਦੇ ਲੇਖ ਗਾਉਂਦੇ ਰਹਿੰਦੇ
ਵਿਤਕਰੇ ਦੀ ਵਾਰ।

### ਕਿਸੇ ਹੋਰ ਥਾਂ ਮੂਵ ਹੋ ਰਹੇ ਹੋ? ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------
------------------------------------
------------------------------------
------------------------------------
ਨਵਾਂ ਪਤਾ ਸਟਰੀਟ/ਐਵੇਨਿਊ------------
ਟਾਊਨ------------------------------
ਸਟੇਟ------------------------------
ਪੋਸਟਲ ਕੋਡ--------------------------
ਫੋਨ ਨੰਬਰ--------------------------


## ਫ਼ਾਰਮ ਵਰਕਰਾਂ ਦੀ ਲੋੜ

- ਸਾਰਾ ਸੀਜ਼ਨ ਕੰਮ ਹੋਵੇਗਾ
- ਅਨਇੰਪਲਾਇਮੈਂਟ ਲੈਣ ਲਈ ਸਟੈਂਪਾਂ ਪੂਰੀਆਂ ਮਿਲਣਗੀਆਂ
- ਵੈਨਕੂਵਰ, ਸਰੀ-ਡੈਲਟਾ, ਨਿਊਵੈਸਟਮਿਨਸਟਰ ਤੇ ਬਰਨਬੀ ਵਿਚੋਂ ਬੰਦੇ ਚੱਕ ਸਕਦੇ ਹਾਂ।

ਹੋਰ ਜਾਣਕਾਰੀ ਲਈ ਫ਼ੋਨ ਕਰੋ :—

251-4217
591-9459

ਪੰਜਾਬੀਆਂ ਦਾ ਪੀਜ਼ਾ ਰੈਸਟੋਰੈਂਟ



## ਆਓ ਪੀਜ਼ੇ ਦਾ ਅਨੰਦ ਮਾਣੋ

25% Off With This Ad In CANADA DARPAN

Ph. 324-2515

# SUPREME PIZZA

COUPON 25% OFF On All Large Supreme Special Pizza

6539, VICTORIA DRIVE, VANCOUVER, B.C.

# AMBIKA

## 5125 Victoria

PHONE: 3

Sale

## Grand Ann

### Sale Start 28th June
### Or While Qu

| Sugar<br>ਖੰਡ<br>**5.97** 10 kg. | Farine Atta<br>ਆਟਾ<br>**7.99** 2x10 kg. | Golden Temple<br>ਗੋਲਡਨ ਟੈਂਪਲ ਆਟਾ<br>**4.89** 10 kg. |
|---|---|---|
| Almond<br>ਬਦਾਮ<br>**6.99** 3 lb. | Pea Flour (Besan)<br>ਬੇਸਣ<br>**.99¢** 2 kg. | Bhatora Flour<br>ਭਠੂਰਿਆਂ ਦਾ ਆਟਾ<br>**4.99** 2 kg. |
| Long Grain Rice<br>ਲੌਂਗ ਗਰੇਨ ਚਾਵਲ<br>**10.95** 20 kg. | **Grind Your Own Masala**<br>Dhania<br>ਧਨੀਆ<br>**.99¢** lb. | Jeera Whole<br>ਜੀਰਾ ਸਾਬਤ<br>**.99¢** lb. |
| Basmati Rice<br>ਬਾਸਮਤੀ ਚਾਵਲ<br>**.59¢** lb. | Haldi<br>ਹਲਦੀ<br>**.99¢** lb. | Mirch Powder<br>ਮਿਰਚਾਂ ਪੀਸੀਆਂ<br>**.99¢** lb. |
| Apple Juice<br>ਐਪਲ ਜੂਸ<br>**.99¢** litter | Recorded VHS Movie<br>**6.99** each | |

Note: "Flour Section" is printed as the heading over the Farine Atta and Golden Temple columns.

V

# FOODS

## Drive, Vancouver

7—0295

## iversary Sale

to 10th July 1984

antities Last

Sale

| | | |
|---|---|---|
| Red Lentils<br>ਲਾਲ ਮਸਰ<br>29¢ lb | **Daals Section**<br>Peas<br>ਪੀਜ਼<br>19¢ lb | Moong<br>ਮੂੰਗੀ<br>49¢ lb |
| Green Lintils<br>ਹਰੇ ਮਸਰ<br>29¢ lb | India Masar<br>ਮਸਰ<br>19¢ lb | Chick Peas<br>ਕਾਬਲੀ ਛੋਲੇ<br>39¢ lb |
| Panchranga Achar<br>ਪਚਰੰਗਾ ਆਚਾਰ<br>1.49 big tin | **Cans Section**<br>Shona Saag<br>ਸ਼ੋਹਣਾ ਸਾਗ<br>2 can for .99¢ | Unico Chick Peas<br>ਜਨੀਕੋ ਕਾਬਲੀ ਛੋਲੇ<br>.99¢ 29 oz. |
| Corned Mutton<br>ਕੌਰਨਡ ਮਟਨ<br>1.69 | Nobob Tea<br>ਨਵਾਬ ਚਾਹਪੱਤੀ<br>3.89 120 bag. | Rooh Afza<br>ਰੂਹ ਅਫਜ਼ਾ<br>3.99 bottle |
| eo | Recorded Casset Tape<br>1.99 each | Coconut Milk<br>ਕੋਕੋਨਟ ਦੁੱਧ<br>1.49 28 oz. |

# ਸਾ ਹਿ ਤ ਦ ਰ ਪ ਣ

## ਕਹਾਣੀ :
## ਦੇਈਂ ਨਾ ਬਾਬਲ ਓਸ ਘਰੇ.....

**ਹਰਭਜਨ ਹਾਂਸ**

ਮੇਰਾ ਨਾਂ ਸੁਰਜੀਤ ਹੈ - ਨਾਮ 'ਚ ਕੀ ਹੈ ? ਨਾਮ ਬਦਲਣ ਨਾਲ ਜੇ ਨਸੀਬ ਬਦਲਦੇ ਹੁੰਦੇ ਤਾਂ ਮੈਂ ਕਰਮ-ਸੜੀ ਹਰ ਨਵੀਂ ਸਵੇਰ ਨੂੰ ਆਪਣਾ ਨਾਂ ਬਦਲ ਲੈਂਦੀ ! ਸਾਲਾਂ ਪਹਿਲੇ ਮੈਂ ਹਰ ਸੱਚ ਨੂੰ ਛੁਪਾ ਕੇ ਰਖਦੀ ਸੀ - ਆਪਣੇ ਨਾਂ ਦੇ ਸੱਚ ਨੂੰ ਵੀ - ਪਰ ਹੁਣ ਤਾਂ ਜਿਵੇਂ ਹਰ ਸੱਚ ਝੂਠ ਦੇ ਪਰਦਿਆਂ ਨੂੰ ਜਿਨ੍ਹਾਂ ਨੂੰ ਪਹਿਨਕੇ ਹਰ ਕੋਈ ਸੱਚ ਦੀ ਸੁਰੱਖਿਆ ਕਰਦਾ ਹੈ, ਲੀਰੋ-ਲੀਰ ਕਰਦਾ ਬਾਹਰ ਆਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ - ਮੈਂ ਸੱਚ ਬੋਲਣ ਤੋਂ ਡਰਦੀ ਵੀ ਸੱਚ ਬੋਲ ਰਹੀ ਹਾਂ ।

ਸੱਤ ਸਾਲ ਪਹਿਲਾਂ ਜਦੋਂ ਮੈਂ ਉਨ੍ਹੀਆਂ ਸਾਲਾਂ ਦੀ ਜੋਬਨ ਨਾਲ ਲਬਰੇਜ਼ ਮੁਟਿਆਰ ਸੀ । ਆਪਣੇ ਅਮੀਰ ਮਾਂ-ਬਾਪ ਦੀ ਦੋ ਧੀਆਂ ਤੇ ਦੋ ਪੁਤਰਾਂ ਚੋਂ ਸਭ ਤੋਂ ਵੱਡੀ ਜੇਠੀ ਧੀ ! ਉਮਰ ਵਿਚ ਮੇਰਾ ਬਜ਼ੁਰਗ ਜਿਹਾ ਬਾਪ ਬਹੁਤ ਘੱਟ ਘਰੇ ਆਉਂਦਾ - ਜਦ ਆਉਂਦਾ ਤਾਂ ਨਸ਼ੇ ਨਾਲ ਮਸਤ ਭੈੜੀਆਂ ਭੈੜੀਆਂ ਅੱਖਾਂ ਵਾਲੇ ਤਿੰਨ ਚਾਰ ਆਦਮੀ ਨਾਲ ਹੁੰਦੇ । ਮੇਰੀ ਦੇਖਣ-ਪਾਖਣ 'ਚ ਭੈਣਾਂ ਵਰਗੀ ਮਾਂ ਅਕਸਰ ਅੱਖਾਂ 'ਚ ਘਸੁੰਨ ਦੇ ਦੇ ਰੋਂਦੀ । ਸੈਂਕੜੇ ਵਾਰ ਮੈਂ ਪੁਛਿਆ, "ਮਾਂ, ਤੈਨੂੰ ਕਾਹਦਾ ਦੁੱਖ ਹੈ ? ਤੂੰ ਕਿਉਂ ਹੰਝੂ ਕੇਰਦੀ ਰਹਿੰਦੀ ਏਂ ਮੇਰੀ ਮਾਂ ਹਾਉਕਿਆਂ 'ਚ ਸਿਰਫ ਐਨਾ ਕਹਿ ਸਕਦੀ, "ਤੂੰ ਅਜੇ ਨਿਆਣੀ ਏਂ ਧੀਏ ! ਤੈਨੂੰ ਕੀ ਪਤਾ, ਤੀਵੀਂ-ਮਾਨੀ ਦੇ ਦੁੱਖਾਂ ਦਾ !!"

ਸੱਚੀਂ-ਮੁਚੀਂ ਕੋਈ ਦੁੱਖ ਨਹੀਂ ਸੀ ਮੈਨੂੰ । ਬਾਪ ਦੀ ਜ਼ਮੀਨ ਚੋਂ ਸੈਂਕੜੇ ਸੈਂਕੜਿਆਂ ਦੀ ਆਮਦਨ ਸੀ ਤੇ ਮੇਰੇ ਬਾਪ ਨੇ ਮੈਨੂੰ ਰੁਪਇਆ ਤੇ ਹੋਰ ਐਸ਼-ਇਸ਼ਰਤ ਮੁਹਈਆ ਕਰਨ 'ਚ ਹੱਥ ਨਹੀਂ ਸੀ ਘੁਟਿਆ - ਪੁਤਾਂ ਵਰਗੀ ਧੀ ਜੋ ਠਹਿਰੀ ਮੈਂ !

ਓਨੀਂ ਦਿਨੀਂ ਮੈਂ ਕਾਲਜ 'ਚ ਪੜ੍ਹਦੀ ਸੀ । ਕਾਲਜ 'ਚ ਆਪਣੇ ਇਕ ਸਹਿਪਾਠੀ ਨਾਲ ਮੈਨੂੰ ਪਿਆਰ ਸੀ — ਪੜ੍ਹਾਕੂ ਜਿਹਾ, ਸਾਊ ਜਿਹਾ, ਗਰੀਬੜਾ ਜਿਹਾ ਰਾਜ ! ਉਸਨੇ ਇਕ ਵਾਰ ਮੈਨੂੰ ਆਪਣੀ ਚਿੱਠੀ 'ਚ ਲਿਖਿਆ ਸੀ - "ਜੀਤੀ, ਤੇਰੀਆਂ ਜ਼ੁਲਫਾਂ ਜਿਵੇਂ ਸੌਣ ਦੀਆਂ ਕਾਲੀਆਂ ਘਟਾਵਾਂ ਹੋਣ, ਕਸ਼ਮੀਰੀ ਸਿਉ ਨੂੰ ਫਿਕਾ ਪਾਉਂਦੀਆਂ ਗੱਲ੍ਹਾਂ, ਅੱਖਾਂ ਯਾਣਿ ਬਿਜਲੀ ਦੇ ਲਾਟੂ, ਉਂਗਲੀਆਂ ਜਿਵੇਂ ਮਟਰ ਦੀਆਂ ਫਲ਼ੀਆਂ, ਤੇਰੀ ਤੋਰ ਕਿ ਮੋਰਾਂ ਨੂੰ ਵੀ ਸ਼ਰਮ ਆ ਜਾਏ, ਤੇਰਾ ਨੱਕ ਯਾਣਿ ਖਾਲਸੇ ਦੀ ਤੇਜ ਤਲਵਾਰ ਤੇ.....!" ਉਸ ਦਿਨ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮੈਂ ਸੁੰਦਰ ਹਾਂ - ਕਾਗਜ਼ ਦੀ ਹਿਕ ਤੇ ਲਿਖੇ, ਮੇਰੀ ਸੁੰਦਰਤਾ ਨੂੰ ਪ੍ਰਗਟਾਉਂਦੇ ਉਹ ਅਲੰਕ੍ਰਿਤ ਸ਼ਬਦ ਮੈਂ ਸੀਨੇ ਨਾਲ ਲਾ ਕੇ ਸਾਂਭ ਰੱਖੇ ।

ਤੇ ਇਕ ਦਿਨ ਮੇਰਾ ਬਾਪ ਪਿਤਰੀ-ਮੋਹ ਵਾਲਾ ਹੱਥ ਮੇਰੇ ਵਾਲਾਂ 'ਚ ਫੇਰਦਾ ਕਹਿ ਰਿਹਾ ਸੀ, "ਜੀਤੀ, ਮੈਂ ਤੇਰਾ ਰਿਸ਼ਤਾ ਕਰਨ ਲੱਗਿਆਂ.... ਮੈਂ ਤੈਨੂੰ ਕੈਨੇਡਾ ਤੋਰ ਦੇਣਾ .... ਆਪਣੇ ਜੁੱਟ ਜਗੀਰ ਸਿਉਂ ਦਾ ਕਾਕਾ ਓਧਰ ਹੈ ... ਮੈਂ ਗੱਲ ਪੱਕੀ ਕਰ ਆਇਆਂ !" ਬਾਪ ਦੀ ਗੱਲ ਸੁਣ ਮੈਂ ਕੋਈ ਪ੍ਰਤੀਕਿਰਿਆ ਜਾਹਰ ਨਾ ਕਰ ਸਕੀ । ਦੂਜੇ ਦਿਨ ਮੈਂ ਰਾਜ ਨਾਲ ਗੱਲ ਕੀਤੀ, ਹੰਝੂਆਂ ਭਰੀਆਂ ਅੱਖਾਂ ਤੇ ਮਸੋਸੇ ਦਿਨ ਨਾਲ ਸਿਰਫ ਉਸ ਇਹੀ ਕਿਹਾ, "ਜੀਤੀ, ਅਸੀਂ ਗਰੀਬ ਤਾਂ ਸਿਰਫ ਵਕਤੀ ਮੁਹਰੇ ਹਾਂ, ਜਿਨ੍ਹਾਂ ਨਾਲ ਤੁਸੀਂ ਅਮੀਰ ਦਿਲ-ਪ੍ਰਚਾਵੇ ਲਈ ਪਿਆਰ ਦੇ ਸਤਰੰਜ ਦੀ ਵਾਜੀ ਖੇਲਦੇ ਹੋਂ... ਫੇਰ ਵੀ ਤੇਰੇ ਕੈਨੇਡਾ ਜਾਣ ਤੇ ਜਿਨ੍ਹਾਂ ਮੈਂ ਖੁਸ਼ ਹਾਂ, ਸ਼ਾਇਦ ਹੀ ਕੋਈ ਹੋਵੇ .... ਤੂੰ ਕਿਹਾ ਕਰਦੀ ਸੀ....'ਰਾਜ ! ਆਪਣਾ ਸੁਹਣਾ ਜਿਹਾ ਘਰ ਹੋਏਗਾ.... ਕਾਰ ਹੋਏਗੀ... ਚੰਦ ਵਰਗਾ ਪੁਤਰ ਤੇ ਭਾਰੀ ਬੈਂਕ-ਬੈਲੈਂਸ...।' ਆਪਾਂ ਇਹ ਸੁਪਨੇ ਉਣੇ ਸੀ.... ਜੀਤੀ, ਤੂੰ ਦੂਰ-ਅੰਦੇਸ਼ ਸੀ ... ਤੂੰ ਜਾਣਦੀ ਸੀ ਕਿ ਮੇਰੇ ਨਾਲ ਲੜ ਜੋੜਕੇ ਤੂੰ ਇਹ ਸੁਪਨੇ ਸਕਾਰ ਨਹੀਂ ਕਰ ਸਕਦੀ.... ਫਿਰ ਵੀ ਮੈਨੂੰ ਖੁਸ਼ੀ ਹੈ, ਜੀਤੀ, ਦੋਹਾਂ ਚੋਂ ਇਕ ਦੇ ਅਰਮਾਨ ਤਾਂ ਪ੍ਰਵਾਨ ਚੜੇ ਉਸ ਤੋਂ ਬਾਅਦ ਮੈਂ ਰਾਜ ਨੂੰ ਕਦੇ ਨਹੀਂ ਸੀ ਦੇਖਿਆ ।

ਮੈਂ ਆਪਣੇ ਬਾਪ ਨੂੰ ਕਿਹਾ ਸੀ, "ਬਾਪੂ ਜੀ ! ਐਥੇ ਕੀ ਮੁੰਡਿਆਂ ਦਾ ਘਾਟਾ.... ਕਿਉਂ ਮੈਨੂੰ ਪ੍ਰਦੇਸੀਂ ਧੱਕਣ ਲੱਗੇ ਓਂ ?" ਤੇ ਮੇਰਾ ਬਾਪ ਕਹਿ ਰਿਹਾ ਸੀ, "ਜੀਤੀ ! ਅੱਜ-ਕੱਲ੍ਹ ਬੰਦੇ ਦਾ ਬਾਹਰ ਉਠਣ-ਬੈਠਣ ਵਾਲਿਆਂ 'ਚ ਰੋਹਬ ਨਹੀਂ ਬਣਦਾ.... ਜਿਨ੍ਹਾਂ ਚਿਰ ਉਹਦੇ ਪੁਤ-ਧੀਆਂ ਕਨੇਡਾ -ਮਰੀਕਾ ਨਾ ਹੋਣ .... ਤੂੰ ਜਾਏਂਗੀ ... ਤੇਰੇ ਪਿਛੇ ਤੇਰੇ ਭੈਣ-ਭਾਈ ਤੇ ਅਸੀਂ ਆ ਜਾਵਾਂਗੇ....!" ਆਪਣੀ ਮਾਂ ਦੀਆਂ ਅੱਖਾਂ 'ਚ ਪਹਿਲੀ ਵਾਰ ਚਮਕ ਦੇਖੀ ਸੀ ਮਾਂ-ਬਾਪ ਦੀ ਖੁਸ਼ੀ ਲਈ ਰਾਜ ਨਾਲ ਕੀਤੇ ਵਾਅਦਿਆਂ ਨੂੰ ਪੈਰਾਂ ਹੇਠ ਕੁਚਲਦੀ ਮੈਂ ਕੈਨੇਡਾ ਆਉਣ ਲਈ ਰਜਾਮੰਦ ਹੋ ਗਈ ।

ਏਅਰ-ਪੋਰਟ ਤੇ ਉਨ੍ਹਾਂ ਨੇ ਮੈਨੂੰ ਆਪ ਲੈਣ ਆਉਣਾ ਸੀ । ਮੇਰੇ ਕੋਲੇ ਉਨ੍ਹਾਂ ਦੀ ਕਲਰਡ ਫੋਟੋ ਸੀ-ਕਾਫੀ ਬਾਂਕੇ ਲੱਗ ਰਹੇ ਸਨ । "ਤੁਸੀਂ ਸੁਰਜੀਤ ਹੋਂ ਕੋਈ ਅਧਖੜ ਉਮਰ ਦਾ ਵਿਅਕਤੀ ਮੇਰੇ ਕੋਲੋਂ ਪੁਛ ਰਿਹਾ ਸੀ । "ਜੀ... ਜੀ.. ਤੁਸੀਂ ?" ਮੈਂ ਹੈਰਾਨ ਸੀ ਕਿਉਂਕਿ "ਉਹ" ਆਪ ਤਾਂ ਨਹੀਂ ਸੀ — ਅਲੱਗ ਉਮਰ ਤੇ ਨੈਣ-ਨਕਸ਼ਾਂ ਵਾਲਾ ਇਹ ਕੌਣ ਸੀ । "ਮੈਂ ... ਮੈਂ ਤੇਰਾ ਹੋਣ ਵਾਲਾ ਖਾਵੰਦ ਹਾਂ !" ਕਹਿ ਉਹ ਮੇਰੇ ਅਟੈਚੀ ਤੇ ਬੈਗ ਕਾਰਾਂ ਦੇ ਹਜੂਮ ਵਲ ਧੂੰਹਦੇ ਤੁਰ ਪਏ । "ਇਹ ਮੇਰੇ ਪਤੀ ਨੇ ?" ਸੋਚਦੀ ਸੋਚਦੀ ਮੈਂ ਕਾਰ 'ਚ ਬੈਠ ਗਈ । ਕਾਰ ਚੋਂ ਸਿਗਰਟ-ਸ਼ਰਾਬ ਦੀ ਬਦਬੂ ਨੇ ਮੇਰੀ ਰਹਿੰਦੀ-ਸਹਿੰਦੀ ਹੋਸ਼ ਵੀ ਗੁੰਮ ਕਰ ਦਿਤੀ ਤੇ ਬਦਹਵਾਸੀ 'ਚ ਮੈਂ ਉਨ੍ਹਾਂ ਦੇ ਘਰੇ ਆ ਗਈ ਤੇ ਦੂਜੇ ਦਿਨ ਸਾਡਾ ਵਿਆਹ ਕਰ ਦਿੱਤਾ ।

ਮਹੀਨਾ ਕੁ ਚੰਗਾ ਗੁਜ਼ਰਿਆ । ਫੇਰ ਉਹ ਅਕਸਰ ਘਰੇ ਦੇਰ ਨਾਲ ਆਉਣ ਲੱਗੇ, ਆਉਂਦੇ ਤਾਂ ਨਸ਼ੇ ਨਾਲ ਗੁਟ ਹਾਲਤ 'ਚ ਕਦੇ ਕੋਈ ਛੱਡ ਕੇ ਜਾਂਦਾ, ਕਦੇ ਕੋਈ । ਕਦੇ-ਕਦੇ ਗਈ ਰਾਤ ਤੋਂ ਘਰ ਨਾ ਆਉਣ ਦਾ ਫੋਨ ਤੇ ਸੰਦੇਸ਼ਾ ਆ ਜਾਂਦਾ । ਮੈਂ ਮਨ ਮਾਰ ਕੇ ਬਿਸਤਰ ਤੇ ਲੇਟ ਜਾਂਦੀ-ਹੰਝੂਆਂ ਦੀ ਝੜੀ ਲਗਾਉਂਦੀਆਂ ਅੱਖਾਂ ਹਾਰ ਥੱਕ ਕੇ ਬੰਦ ਹੋ ਜਾਂਦੀਆਂ ।

ਹੌਲੀ ਹੌਲੀ ਘਰ ਦੀ ਸਚਾਈ ਸਾਹਮਣੇ ਆਉਣ ਲੱਗੀ । ਮਿਲ 'ਚ ਕੰਮ ਕਰਨ ਤੋਂ ਬਾਅਦ ਉਨ੍ਹਾਂ ਨੂੰ ਮਿਲਦੇ ਚੈਕ ਉਹਨਾਂ ਦੇ ਢਿੱਡ ਲਈ ਹੀ ਕਾਫੀ ਨਹੀਂ ਸਨ ਤੇ ਘਰ ਨੂੰ ਚਲਾਉਣ ਲਈ ਮੈਂ ਫਾਰਮ 'ਚ ਬੇਰੀ ਤੋੜਨ ਤੁਰ ਪਈ ! ਮੈਂ-ਸੁਰਜੀਤ, ਜਿਸਨੇ ਰਾਜੇ ਬਾਬਲ ਦੇ ਘਰ ਆਪਣੇ ਹੱਥ ਨਾਲ ਪਾਣੀ ਵੀ ਨਹੀਂ ਪੀਤਾ ਸੀ, ਅੱਜ ਦੋ ਟਕੇ ਦੇ ਆਦਮੀ - ਜੋ ਫਾਰਮ ਦਾ ਮਾਲਕ ਸੀ - ਦੇ ਇਹ ਬੋਲ, "ਨੀ ! ਧਿਆਨ ਨਾਲ ਤੋੜ ... ਮਗਰ ਛੱਡਦੀ ਜਾਨੀ ਆਂ .... ਮੋੜ ਕੇ ਪਿਛੇ ਲਾਦੂੰ !" ਸੁਣਦੀ ਬੇਰੀ ਤੋੜ ਰਹੀ ਸੀ । ਕਾਲਜ 'ਚ ਪੜ੍ਹਦੀ ਹਰ ਕੁੜੀ ਨੂੰ ਕੋਈ-ਨਾ-ਕੋਈ ਛੇੜਣ ਵਾਲਾ ਸੀ, ਪਰ ਮੇਰੇ ਸਾਹਮਣੇ ਵੱਡੇ ਤੋਂ ਵੱਡੇ ਮੜਕ-ਛਾਪ-ਮਜਨੂੰ ਦੀਆਂ ਅੱਖਾਂ ਵੀ ਝੁਕ ਜਾਂਦੀਆਂ - ਬਾਪ ਦੀ ਅਮੀਰੀ ਤੇ ਰੋਹਬ-ਦਾਅਬ ਕਾਰਨ - ਉਹ ਵੇਲਾ ਯਾਦ ਕਰਕੇ ਮੇਰੀ ਧਾਹ ਨਿਕਲ ਗਈ ।

ਸਾਲ ਬਾਅਦ ਮੇਰੇ ਧੀ ਜੰਮ ਪਈ । ਧੀ ਦਾ ਜੰਮਣਾ ਉਨ੍ਹਾਂ ਦੀਆਂ ਨਜ਼ਰਾਂ 'ਚ ਮੇਰਾ ਕੋਈ ਕੁਕਰਮ ਸੀ - ਉਹ ਹੋਰ ਜ਼ਿਆਦਾ ਪੀਣ ਲੱਗ ਪਏ । ਉਹਨਾਂ ਦੇ ਭੈਣ-ਭਾਈ, ਜੋ ਕੈਨੇਡਾ 'ਚ ਹਨ, ਜੋ ਪਹਿਲੋਂ ਬਲਾਉਂਦੇ ਸਨ ਅੱਖਾਂ ਫੇਰ ਗਏ । ਨੱਕ ਵੱਟਦੀ ਇਕ ਨਣਦ ਤਾਂ ਇਹ ਵੀ ਕਹਿ ਗਈ, "ਸਾਡੇ ਸਾਰੇ ਭੈਣ-ਭਾਈਆਂ ਦੇ ਘਰ ਤਾਂ ਮੁੰਡੇ ਹੋਏ ਨੇ... ਇਹ ਪਤਾ ਨਹੀਂ ਕਿਥੋਂ ਨੰਗੇ ਪੈਰਾਂ ਵਾਲੀ ਆ ਗਈ !" ਮੈਂ ਤੜਫ ਕੇ ਰਹਿ ਗਈ ।

ਆਪਣੇ ਦੁੱਖ ਕਿਸ ਨੂੰ ਦੱਸਾਂ ? ਉਨ੍ਹਾਂ ਨਾਲ ਮੇਰਾ ਦੋ ਘੜੀ ਜਿਸਮ ਦੇ ਮੇਲ ਬਿਨਾਂ ਜਿਵੇਂ ਕੋਈ ਰਿਸ਼ਤਾ ਹੀ ਬਾਕੀ ਨਹੀਂ ਸੀ । ਮਾਂ-ਬਾਪ ਸੱਤ ਸਮੁੰਦਰ ਪਾਰ ਬੈਠੇ ਇਹ ਸੁਪਨਿਆਂ ਨਾਲ ਮਖਮੂਰ ਹੋ ਰਹੇ ਸਨ ਕਿ ਉਹਨਾਂ ਦੀ ਧੀ ਰਾਜ ਕਰ ਰਹੀ ਹੈ । ਮਾਂ ਤੇ ਭੈਣਾਂ ਜਦ ਵੀ ਚਿਠੀ ਲਿਖਦੀਆਂ ਤਾਂ ਕਹਿੰਦੀਆਂ, "ਜੀਤੀ ! ਤੂੰ ਤਾਂ ਪਿਛਲੇ ਜਨਮ ਮੋਤੀ ਪੁੰਨ ਕੀਤੇ ਹੋਣੇ ਐ... ਇਹ ਪ੍ਰਦੇਸਾਂ ਦੇ ਸੁਖ ਤਾਂ ਕਿਤੇ ਹਰੇਕ ਦੇ ਕਰਮਾਂ 'ਚ ਨੇ !" ਉਹਨਾਂ ਦੇ ਮਨ 'ਚ ਆਪਣੀ ਜੀਤੀ ਦੇ ਸੁਖਾਂ ਦੀ ਸੁਨਹਿਰੀ ਫਰੇਮ 'ਚ ਸਜਾਈ ਤਸਵੀਰ ਨੂੰ ਕਿਵੇਂ ਚੂਰ-ਚੂਰ ਕਰਾਂ ਮੈਂ ? ਮੈਂ ਆਪਣੇ ਦੁੱਖਾਂ ਦੀ ਦਾਸਤਾਨ ਉਹਨਾਂ ਨੂੰ ਕਦੇ ਨਹੀਂ ਲਿਖੀ ! ਮਾਂ ਦੇ ਕਰਮਾਂ 'ਚ ਬਾਪ ਦੇ ਸੁਖਾਂ ਦੀ ਧੁਪ ਤਾਂ ਨਹੀਂ ਮਿਲੀ, ਮੈਂ ਕਿਉਂ ਆਪਣੀ ਮਾਰੂ ਹਨੇਰੀ ਨਾਲ ਉਸ ਮਰੀ ਨੂੰ ਮਾਰਾਂ ?

ਤੇ ਰਾਜ ਦਾ ਚਿਠੀ 'ਚ ਲਿਖਿਆ ਸੱਚ ਦਾ ਭਾਂਡਾ ਚੁਰਾਹੇ ਭੱਜ ਗਿਆ ਉਸ ਵਰ੍ਹਿਆਂ ਤੋਂ ਹਿਕ ਨਾਲ ਲਾਏ ਕਾਗਜ਼ ਦਾ ਪੁਰਜਾ-ਪੁਰਜਾ ਕਰ ਮੈਂ ਅਗਨ-ਭੇਂਟ ਕਰ ਦਿਤਾ ਕਿਉਂਕਿ ਮੇਰੀਆਂ ਅੱਖਾਂ ਦੇ ਲਾਟੂਆਂ ਦੀ ਚਮਕ ਹੰਝੂਆਂ 'ਚ ਵਹਿ ਗਈ, ਗੱਲ੍ਹਾਂ ਦੇ ਸਿਉ ਕਿਸੇ ਬੀਮਾਰੀ ਦੀ ਭੇਂਟ ਚੜ੍ਹ ਗਏ, ਵਾਲਾਂ ਦੀ ਚਮਕ ਖੁਸ਼ਕੀ ਨੇ ਆ ਮੱਲੀ ਤੇ ਸੁਕੇ ਮੂੰਹ ਤੇ ਤਲਵਾਰ ਵਰਗਾ ਨੱਕ ਸ਼ੋਭਾ ਦੀ ਥਾਂ ਕੁਸ਼ੋਭਾ ਦਾ ਚਿੰਨ੍ਹ ਬਣ ਗਿਆ .... ਤੇ ਚੰਦ ਵਰਗੇ ਪੁਤਰ ਤੇ ਭਾਰੀ ਬੈਂਕ-ਬੈਲੈਂਸ ਨੂੰ ਜਿਵੇਂ ਕੋਈ ਚੋਰ ਚੁਰਾ ਕੇ ਲੈ ਗਿਆ ਸੀ ।

ਦੋ ਸਾਲਾਂ ਬਾਅਦ ਮੇਰੇ ਇਕ ਹੋਰ ਧੀ ਆ ਗਈ । ਅੱਗ ਜਿਸ ਅੱਗ ਨੂੰ ਜੰਮਣੋਂ ਡਰਦੀ ਸੀ, ਉਸੇ ਅੱਗ ਦੀ ਭੇਂਟ ਚੜ੍ਹ ਗਈ । ਹੁਣ ਉਹ ਸ਼ਰਾਬ 'ਚ ਡੁਬ ਗਏ, ਬਹੁਤ ਘੱਟ ਘਰੇ ਆਉਂਦੇ । ਭੁਲਕੇ ਘਰ ਆ ਵੀ ਜਾਂਦੇ ਤਾਂ ਜੋਟੀਦਾਰਾਂ ਦੀ ਕਾਰ ਦੇ ਹਾਰਨ ਉਨ੍ਹਾਂ ਨੂੰ ਘਰ ਕਿਥੇ ਟਿਕਣ ਦਿੰਦੇ । ਬਾਰੀਆਂ ਦੇ ਪਰਦੇ ਚੁਕ ਕੇ ਦੇਖਦੀ ਤਾਂ ਕੋਈ ਗੋਰੀ ਕਾਰ 'ਚ ਸਵਾਰ ਹੁੰਦੀ ।

ਫਿਰ ਕਿਸੇ ਨੇ ਆ ਕੇ ਦੱਸਿਆ ਕਿ ਉਹ ਲੇਅ-ਆਫ ਹੋ ਗਏ ਹਨ । ਦਿਨ ਰਾਤ ਪੀਣ ਤੋਂ ਵਗੈਰ ਹੁਣ ਜਿਵੇਂ ਉਹਨਾਂ ਨੂੰ ਕੋਈ ਕੰਮ ਹੀ ਨਹੀਂ ਸੀ । ਉਹਨਾਂ ਨੂੰ ਪੀਂਦਿਆਂ ਦਸ ਦਿਨ ਹੋ ਗਏ ਸਨ - ਉਹਨਾਂ ਦੀ ਹਾਲਤ ਭੈੜੀ ਹੁੰਦੀ ਗਈ । ਕੁਝ ਸਟਰੀਟਾਂ ਦੂਰ ਵਸਦੇ ਮੈਂ ਆਪਣੇ ਜੇਠ ਨੂੰ ਉਨ੍ਹਾਂ ਦੀ ਹਾਲਤ ਦਾ ਵਾਸਤਾ ਪਾ ਕੇ ਘਰ ਆਉਣ ਲਈ ਕਿਹਾ, ਉਨ੍ਹਾਂ ਦਾ ਉਤਰ ਸੀ, "ਅਸੀਂ ਪਾਰਟੀ ਤੇ ਜਾ ਰਹੇ ਹਾਂ... ਰਾਤ ਦਸ ਵਜੇ ਆਵਾਂਗੇ...ਫੇਰ ਫੋਨ ਕਰੀਂ... ਜੇ ਉਹ ਨਾ ਸੰਭਲਿਆ ਤਾਂ ਮੈਂ ਆਉਣ ਦੀ ਕੋਸ਼ਿਸ਼ ਕਰਾਂਗਾ... ਵੈਸੇ ਤੁਹਾਡਾ ਇਹ ਘਰੇਗੀ ਮਾਮਲਾ ਹੈ.... ਮੇਰਾ ਕੀ ਮਤਲਬ ਟੰਗ ਅੜਾਉਣ ਦਾ ਘਰੇਗੀ ਮਾਮਲਾ ? ਮੈਂ ਤੜਫ ਕੇ ਫੋਨ ਰੱਖ ਦਿਤਾ । ਜ਼ਿਆਦਾ ਸ਼ਰਾਬ ਕਾਰਨ ਉਨ੍ਹਾਂ ਦੀ ਹਾਲਤ ਖਰਾਬ ਹੋ ਗਈ ਤੇ ਮੈਂ ਮਾਪਿਆਂ ਦੀ ਲਾਡਲੀ ਦਾ ਇਸ ਵਸੇ-ਰਸੇ ਕੈਨੇਡਾ 'ਚ ਕੋਈ ਨਹੀਂ ਸੀ । ਉਪਰੋ ਰਾਤ ਮਾਰੋ-ਮਾਰ ਕਰਦੀ ਆ ਰਹੀ ਸੀ, ਦੋਹਾਂ ਧੀਆਂ ਨੂੰ ਆਪਣੀ ਹਿਕ ਨਾਲ ਲਾਈ ਮੈਂ ਉਹਨਾਂ ਦੀ ਪੈਂਦ ਬੈਠੀ ਸੀ । ਉਨ੍ਹਾਂ ਕੁਝ ਸੁਰਤ ਫੜੀ ਤੇ ਅੱਖਾਂ ਖੋਲ੍ਹ ਦੇ ਸ਼ਰਾਬ ਮੰਗਣ ਲੱਗੇ । ਮੇਰੇ ਇਨਕਾਰ ਕਰਨ ਤੇ ਲੜਖੜਾਂਦੇ ਤੇ ਮਾਂ-ਭੈਣ ਇਕ ਕਰਦੇ ਮੇਰੇ ਮਗਰ ਪੈ ਗਏ । ਦੋਹਾਂ ਧੀਆਂ ਨਾਲ ਬਚਦੀ-ਬਚਾਉਂਦੀ ਮੈਂ ਗੁਆਂਢੀ ਪੰਜਾਬੀ ਪਰਵਾਰ ਦੇ ਘਰ ਪਨਾਹ ਦੀ ਭੀਖ ਮੰਗਣ ਲੱਗੀ ।

ਸਾਲਾਂ ਪਹਿਲੇ ਮੈਂ ਦ੍ਰੋਪਤੀ ਦੇ ਚੀਰ-ਹਰਣ ਦੀ ਕਹਾਣੀ ਸੁਣੀ ਸੀ । ਹਜ਼ਾਰਾਂ ਬਾਹਵਾਂ ਦੇ ਬਲ ਵਾਲੇ ਦੁਸ਼ਾਸਣ ਕੋਲੋਂ ਅਬਲਾ ਨਾਰੀ ਨੂੰ ਕ੍ਰਿਸ਼ਨ ਭਗਵਾਨ ਨੇ ਆਪ ਬਚਾਇਆ ਸੀ - ਤੇ ਉਸ ਰਾਤ ਕੈਨੇਡਾ ਦੀ ਸੜਕਾਂ ਤੇ ਮੇਰੇ ਹਰਣ ਹੁੰਦੇ ਚੀਰ ਨੂੰ ਬਚਾਉਣ ਲਈ ਉਹ ਪੰਜਾਬੀ ਪਰਿਵਾਰ ਰੱਬ ਬਣਕੇ ਬਹੁੜਿਆ ਸੀ ।

ਉਨ੍ਹਾਂ ਨੂੰ ਹਸਪਤਾਲ ਪੁਚਾ ਦਿਤਾ । ਕੁਝ ਦਿਨ ਬਾਅਦ ਜ਼ਿੰਦਗੀ ਪਹਿਲੇ ਰਾਹ ਤੇ ਤੁਰਨ ਲੱਗੀ । ਮੇਰੀ ਤੇ ਉਹਨਾਂ ਦੇ ਅਨਅੰਪਲਾਈਮੈਂਟ ਦੀਆਂ ਚੈਕਾਂ ਸ਼ਰਾਬ ਤੇ ਗੋਰੀਆਂ ਦੀ ਭੇਂਟ ਚੜ੍ਹਣ ਲਗੀਆਂ । ਘਰ ਤੇ ਆਪਣੀ ਬਰਬਾਦੀ ਦੇ ਖੰਡਰਾਂ ਵੱਲ ਝਾਕਦੀ ਮੈਂ ਅੱਖਾਂ 'ਚ ਮੁਠੀਆਂ ਦੇ-ਦੇ ਰੋਂਦੀ ਹਾਂ । ਮੇਰੀ ਵੱਡੀ ਧੀ ਆਪਣੀ ਤੋਤਲੀ ਜ਼ਬਾਨ 'ਚ ਪੁਛਦੀ ਹੈ, "ਵਾਈ ਆਲ ਯੂ ਵੀਪਿੰਗ, ਮਾਮਾ ?" ਉਸ ਦਾ ਸਵਾਲ ਸੁਣ ਮੇਰੇ ਕਾਲਜੇ ਦਾ ਰੁਗ ਭਰ ਜਾਂਦਾ ਹੈ । ਸਾਲਾਂ ਪਹਿਲੇ ਮੈਂ ਵੀ ਆਪਣੀ ਮਾਂ ਤੋਂ ਇਹ ਸਵਾਲ ਪੁਛਿਆ ਸੀ । ਆਪਣੀ ਮਾਂ ਦੇ ਬੋਲ ਅੱਜ ਮੈਨੂੰ ਦੁਹਰਾਣੇ ਪੈ ਜਾ ਰਹੇ ਹਨ, "ਤੂੰ ਅਜੇ ਨਿਆਣੀ ਏਂ, ਧੀਏ ! ਤੈਨੂੰ ਕੀ ਪਤਾ ਤੀਵੀਂ ਮਾਨੀ ਦੇ ਦੁੱਖਾਂ ਦਾ !" ਪਰ ਮੇਰੇ ਬੋਲ ਮੇਰੇ ਬੁਲ੍ਹਾਂ ਤੋਂ ਉਰੇ ਹੀ ਅਲੋਪ ਹੋ ਗਏ ਤੇ ਧੀ ਦੇ ਕੰਨਾਂ ਤੱਕ ਸਿਰਫ ਹਾਉਕਾ ਹੀ ਪੁਜਿਆ ।

---

ਦਿੱਲੀਏ ਨੀ !
ਤੇਰੇ ਸਿਰ ਭੱਜ ਗਿਆ ਠੀਕਰ
ਭੱਜੇ ਏਸ ਠੀਕਰੇ ਦੀ
ਤੂਹੀਓਂ ਜ਼ਿੰਮੇਵਾਰ ।

## ਸਮੇਂ ਤੇ ਕਾਤਲਾਂ ਨੂੰ

**ਅਵਤਾਰ ਰੋਡੇ**

ਕਾਬਲ ਕੰਧਾਰ ਤੱਕ ਕਦੇ ਇਹ ਵਸਦਾ ਸੀ
ਧੌਲਾ ਬੱਦਲ ਜਦ ਇਸ ਤੇ ਵਰ੍ਹਿਆ ਸੀ
ਬੂੰਦ ਬੂੰਦ 'ਚ, ਭਰੀ ਸੀ ਜ਼ਹਿਰ ਜਿਸਦੇ
ਟੋਟੇ ਟੋਟੇ ਪੰਜਾਬ ਮੇਰਾ ਕਰਿਆ ਸੀ ।

ਅਜੇ ਤੱਕ ਨਹੀਂ ਮਮਤਾ ਦੀ ਗੋਦ ਭਰੀ
ਤੇ ਲੱਖਾਂ ਮਾਵਾਂ ਦੇ ਅੱਥਰੂ ਨਹੀਂ ਸੁੱਕੇ
ਜਿਨ੍ਹਾਂ ਮਾਵਾਂ ਦੇ ਤੁਰ ਗਏ ਪੁੱਤ ਗੱਭਰੂ
ਉਨ੍ਹਾਂ ਮਾਵਾਂ ਦੇ ਅਜੇ ਨਹੀਂ ਵੈਣ ਮੁੱਕੇ ।

ਇਕੋ ਕੁੱਖ ਚੋਂ ਜਨਮ ਲਿਆ ਜਿਨ੍ਹਾਂ
ਰਾਹ ਉਨ੍ਹਾਂ ਦੀਆਂ ਵੱਖੋ ਵੱਖ ਹੋਈਆਂ
ਗਲੇ ਲੱਗ ਨਹੀਂ ਮਿਲਣ ਨਸੀਬ ਹੋਇਆ
ਭੈਣਾਂ ਵੀਰਾਂ ਨੂੰ ਤਰਸ ਦੀਆਂ ਰੁੜ੍ਹ ਗਈਆਂ ।

ਧੀ ਇਕ ਨਹੀਂ ਰੋਂਦੀ ਜਰੀ ਜਾਂਦੀ
ਲੱਖਾਂ ਧੀਆਂ ਦਾ ਬੋਲੇ ਗੜ ਅਜੇ
ਜਿਨ੍ਹਾਂ ਪਾਣੀਆਂ ਆਪਣੇ ਰੰਗ ਬਦਲੇ
ਮੇਰੇ ਗਵਾਹ ਹੈ ਰਾਵੀ ਚਨਾਬ ਅਜੇ ।

ਅੱਜ ਫੇਰ ਕੋਈ ਕਹਿਰ ਦੀ ਘਟਾ ਕਾਲੀ
ਮੇਰੇ ਸੋਹਣੇ ਪੰਜਾਬ ਤੇ ਛਾਈ ਹੋਈ ਏ
ਮੇਰੇ ਪਹਿਲੇ ਹੀ ਜ਼ਖਮ ਨਹੀਂ ਭਰੇ ਅਜੇ
ਇਹ ਨਵੀਂ ਕਿਆਮਤ ਕੋਈ ਆਈ ਹੋਈ ਏ ।

ਨਾ ਕੋਈ ਧਰਮ ਬੁਰਾ ਨਾ ਕੋਈ ਮਜ਼੍ਹਬ ਬੁਰਾ
ਕੋਈ ਕਬੀਲਾ ਨਾ ਜਾਤਪਾਤ ਘਟੀਆ
ਐਵੇਂ ਕਿਸੇ ਤੇ ਕਿਉਂ ਇਲਜ਼ਾਮ ਲਾਵੋਂ
ਇਹੋ ਤੁਹਾਡੇ ਦਿਮਾਗ ਦੀ ਸੋਚ ਘਟੀਆ ।

ਨਿਰਦੋਸ਼ ਲੋਕਾਂ ਦਾ ਖੂਨ ਅਜਾਈਂ ਡੁਲਦਾ
ਜਦ ਕਦ ਵੀ ਕੁਰਸੀ ਦੀ ਵੰਡ ਹੋਏ
ਕਿਥੇ ਬੰਦੇ ਦੀ ਬੰਦਾ ਦੁਆ ਹੁੰਦਾ
ਅਜ ਬੰਦੇ ਦਾ ਬੰਦਾ ਸ਼ਿਕਾਰ ਹੋਏ ।

ਸਾਥੋਂ ਸਾਰੇ ਜਿਓਣ ਦੇ ਹੱਕ ਖੋਹਕੇ
ਨਵੀਂ ਬਸਤੀ ਬਨਾਉਣ ਦੀ ਗੱਲ ਕਰਦੇ
ਤੁਹਾਡੇ ਵਿਚ ਔਰੰਗਜ਼ੇਬ ਦੀ ਰੂਹ ਬੋਲੇ
ਮਨੁਖੀ ਹੱਕਾਂ ਦਾ ਕਤਲੇਆਮ ਕਰਦੇ ।

ਜਿਹੜੇ ਗਵਾਂਢੀ ਦੇ ਇਸ਼ਾਰਿਆਂ ਤੇ ਨੱਚਦੇ ਹੋ
ਉਹ ਵਿਚੇ ਵਿਚ ਵਿਸ ਪਿਆ ਘੋਲਦਾ ਏ
ਤੇਰਾ ਘਰ ਉਜਾੜ ਕੇ ਉਹ ਰਾਜੀ
ਉਤੋਂ ਤੇਰੀ ਹਮਾਇਤ ਵਿਚ ਬੋਲਦਾ ਏ ।

ਇਹ ਫਿਰਕੂ ਹਨੇਰੀ ਨਹੀਂ ਝੁੱਲਣ ਦੇਣੀ
ਲੋਕ ਏਕਤਾ ਹੈ ਐਲਾਨ ਸਾਡਾ
ਨਹੀਂ ਜ਼ਾਲਮਾਂ ਹੱਥੋਂ ਕਤਲ ਹੋਣ ਦੇਣਾ
ਸੈਂਤੀ ਸਾਲ਼ ਇਹ ਜਵਾਨ ਪੰਜਾਬ ਸਾਡਾ ।

## ਸੁਪਨੇ

**ਅਜੀਤ ਸਿੰਘ ਚੰਦਨ**

ਅਸੀਂ ਸੁਪਨਿਆਂ ਵਿਚ ਜਿਉਂਦੇ ਹਾਂ
ਪਰ ਮਰਦੇ ਨਹੀਂ
ਮਰਦੇ ਕੇਵਲ ਓਦੋਂ ਹਾਂ
ਜਦ ਕੋਈ ਵੀ ਸੁਪਨਾ
ਸਾਡੀ ਕਲਪਨਾ ਨਾਲ ਨਹੀਂ ਖੇਡਦਾ ।




ਜਦ ਸ਼ੇਰ ਬੁੱਢਾ ਹੋ ਜਾਵੇ ਤਾਂ
ਉਸਨੂੰ ਸ਼ਿਕਾਰ ਕਰਨਾ ਛੱਡ ਦੇਣਾ ਚਾਹੀਦਾ।
ਇਸੇ ਤਰਾਂ ਮਨੁਖਤਾ ਦੇ ਕਾਤਲ ਵੀ ਹੁਣ ਦਿਨੋਂ ਦਿਨ ਬੁਢੇ ਹੋ ਰਹੇ ਹਨ ।

# ਲੰਡਨ ਵਿਚ ਭਾਰੀ ਮੁਜ਼ਾਹਰਾ

ਲੰਡਨ — ਇਕ ਏਜੰਸੀ ਦੀ ਖਬਰ ਅਨੁਸਾਰ ਇੰਗਲੈਂਡ ਤੇ ਸਕਾਟਲੈਂਡ ਵਿਚ 20 ਹਜ਼ਾਰ ਤੋਂ ਵੱਧ ਵਿਅਕਤੀਆਂ ਨੇ ਭਾਰੀ ਮੁਜ਼ਾਹਰਾ ਕੀਤਾ ਜਿਸ ਵਿਚ ਸ੍ਰੀ ਅੰਮ੍ਰਿਤਸਰ ਵਿਚ ਹੋਏ ਫੌਜੀ ਹਮਲੇ ਦਾ ਵਿਰੋਧ ਕੀਤਾ ਗਿਆ।

ਉਹ 'ਖੂਨ ਦਾ ਬਦਲਾ ਖੂਨ' ਤੇ 'ਇੰਦਰਾ ਗਾਂਧੀ ਨੂੰ ਮਾਰ ਦਿਓ' ਦੇ ਨਾਅਰੇ ਲਾ ਰਹੇ ਸਨ। ਮੁਜ਼ਾਹਰਾ ਪੁਰ ਅਮਨ ਦਸਿਆ ਗਿਆ ਹੈ।

10 ਜੂਨ ਨੂੰ ਹੋਇਆ ਇਹ ਮੁਜ਼ਾਹਰਾ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਵਿਰੋਧ ਦਾ ਸਿਖਰ ਕਿਹਾ ਗਿਆ ਹੈ। ਭੜਕੀ ਹੋਈ ਭੀੜ ਨੇ ਪਹਿਲਾਂ ਦੋ ਮੰਦਰਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਵੀ ਕੀਤੀ। ਇੰਗਲੈਂਡ ਦੇ ਵੱਖ ਵੱਖ ਸਫਾਰਤੀ ਖਾਨਿਆਂ ਵਿਚ ਬੰਬ ਵੀ ਸੁੱਟੇ ਗਏ।

ਮੁਜ਼ਾਹਰੇ ਨਾਲ ਭਾਰੀ ਗਿਣਤੀ ਵਿਚ ਪੁਲਸ ਜਾ ਰਹੀ ਸੀ ਤੇ ਹਾਈ ਕਮਿਸ਼ਨ ਨੂੰ ਪੂਰੀ ਸੁਰੱਖਿਆ ਮੁਹੱਈਆ ਕੀਤੀ ਗਈ। ਮੁਜ਼ਾਹਰਾਕਾਰੀਆਂ ਨੇ ਇੰਦਰਾ ਗਾਂਧੀ ਦਾ ਪੁਤਲਾ ਜਲਾਇਆ।



# ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਦੇ ਪਦ ਤੋਂ ਅਸਤੀਫਾ ਦੇਣ ਬਾਰੇ ਸੋਚ ਰਿਹਾ ਹੈ

ਇਸ ਖਬਰ ਦਾ ਜ਼ਿਕਰ ਕਰਦੇ ਹੋਏ ਬੀ. ਬੀ. ਸੀ. ਲੰਡਨ ਦੇ ਨੁਮਾਇੰਦੇ ਨੇ ਕਿਹਾ ਹੈ ਕਿ ਜਦੋਂ ਪਿਛਲੇ ਦਿਨੀਂ ਉਹ ਅੰਮ੍ਰਿਤਸਰ, ਹਰਿਮੰਦਰ ਸਾਹਿਬ ਗਏ ਤਾਂ ਉਹ ਅਕਾਲ ਤਖਤ ਸਾਹਿਬ ਦੇ ਇਤਿਹਾਸਕ ਤੇ ਪਵਿਤਰ ਸਥਾਨ ਦੇਖ ਕੇ ਉਦਾਸ ਹੋ ਗਏ। ਉਹ ਭਾਰੀ ਦਿਲ ਨਾਲ ਦਿੱਲੀ ਪਰਤੇ ਅਤੇ ਉਹ ਉਸ ਸਮੇਂ ਤੋਂ ਅਸਤੀਫਾ ਦੇਣ ਬਾਰੇ ਸੋਚ ਰਹੇ ਹਨ। ਕੁਝ ਸੂਤਰਾਂ ਦਾ ਖਿਆਲ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਅਸਤੀਫਾ ਦੇ ਦਿਤਾ ਹੈ। ਉਨ੍ਹਾਂ ਦੇ ਅਸਤੀਫਾ ਦੇਣ ਦੀ ਸੂਰਤ ਵਿਚ ਕਾਂਗਰਸ ਸਰਕਾਰ ਡੂੰਘੇ ਸੰਕਟ ਵਿਚ ਫਸ ਜਾਵੇਗੀ। ਇਹ ਵੀ ਖਿਆਲ ਹੈ ਕਿ ਗਿਆਨੀ ਜੀ ਦੇ ਅਸਤੀਫਾ ਦੇਣ ਨਾਲ ਪੰਜਾਬ ਦੇ ਬਾਕੀ ਸਿਖ ਪਾਰਲੀਮੈਂਟ ਦੇ ਮੈਂਬਰ ਅਤੇ ਵਜ਼ੀਰ ਵੀ ਅਸਤੀਫਾ ਦੇ ਜਾਣਗੇ। ਯਾਦ ਰਹੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮੀਤ ਪ੍ਰਧਾਨ ਅਤੇ ਪਾਰਲੀਮੈਂਟ ਦੇ ਮੈਂਬਰ ਕੈਪਟਨ ਅਰਮਿੰਦਰ ਸਿੰਘ ਪਟਿਆਲਾ ਪਹਿਲਾਂ ਹੀ ਅਸਤੀਫਾ ਦੇ ਚੁੱਕੇ ਹਨ। ਗਿਆਨੀ ਜ਼ੈਲ ਸਿੰਘ ਦੇ ਅਸਤੀਫੇ ਦੀ ਸੰਭਾਵਨਾ ਸਬੰਧੀ ਕੁਲਾਲੰਪਰ (ਸਿੰਘਾਪੁਰ) ਰੇਡੀਓ ਨੇ 8 ਜੂਨ ਦੀਆਂ ਖਬਰਾਂ ਵਿਚ ਖਬਰ ਦਿਤੀ ਸੀ। ਗਿਆਨੀ ਜ਼ੈਲ ਸਿੰਘ ਆਪਣੇ ਅੰਮ੍ਰਿਤਸਰ ਦੇ ਸਮੇਂ ਵੇਲੇ ਹਰਿਮੰਦਰ ਸਾਹਿਬ ਵਿਚ ਮੁੜ ਤੋਂ ਕੀਰਤਨ ਜਾਰੀ ਕਰਵਾ ਆਏ ਹਨ। ਲੁਧਿਆਣਾ ਤੋਂ ਕਾਂਗਰਸੀ ਮੈਂਬਰ ਦੇਵਿੰਦਰ ਸਿੰਘ ਅਸਤੀਫਾ ਨੇ ਵੀ ਅਸਤੀਫਾ ਦੇ ਦਿਤਾ ਹੈ

# ਲੰਗਰ ਦੀ ਇਮਾਰਤ ਵਿਚੋਂ ਗੋਲਾ ਬਾਰੀ ਜਾਰੀ

ਅੰਮ੍ਰਿਤਸਰ — ਇਕ ਪੱਤਰਕਾਰ ਅਨੁਸਾਰ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਕੁਝ ਲੋਕ ਅਜੇ ਵੀ ਲੁਕੇ ਹੋਏ ਹਨ ਅਤੇ ਉਹ ਲੰਗਰ ਦੀ ਇਮਾਰਤ ਵਿਚੋਂ ਗੋਲੀਆਂ ਚਲਾ ਰਹੇ ਹਨ। ਉਨ੍ਹਾਂ ਨੂੰ ਆਤਮ-ਸਮਰਪਣ ਕਰਨ ਤੋਂ ਇਨਕਾਰ ਕਰ ਦਿਤਾ ਹੈ।

ਪੱਤਰਕਾਰ ਨੇ ਇਹ ਵੀ ਕਿਹਾ ਹੈ ਕਿ ਫੌਜੀ ਦਸਤਿਆਂ ਵਲੋਂ ਗੋਲੀ ਦਾ ਜਵਾਬ ਦਿਤਾ ਜਾ ਰਿਹਾ ਹੈ। 9 ਜੂਨ ਦੇ ਸਵੇਰੇ ਇਕ ਪਾਸਿਓਂ ਇਕ ਸੀਨੀਅਰ ਫੌਜੀ ਅਧਿਕਾਰੀ ਨੇ ਲੰਗਰ ਦੀ ਇਮਾਰਤ ਵਿਚ ਜਾਣ ਦੀ ਇਕ ਪਾਸਿਓਂ ਕੋਸ਼ਿਸ਼ ਕੀਤੀ ਤਾਂ ਲੁਕੇ ਵਿਅਕਤੀਆਂ ਨੇ ਹੈਂਡ ਗਰਨੇਡ ਨਾਲ ਉਹ ਫੌਜੀ ਅਧਿਕਾਰੀ ਉਡਾ ਦਿਤਾ।

---

ਜ਼ਿੰਦਗੀ ਤਾਂ ਹੈ ਕਿਸੇ ਸੁਨਸਾਨ ਜੰਗਲ ਦਾ ਸਫਰ  
ਮੈਂ ਇਕੱਲਾ ਆਪਣੇ ਪਰਛਾਵੇਂ ਤੋਂ ਕਾਹਨੂੰ ਡਰ ਗਿਆ

ਥਾਲ ਵਿਚ ਪੂਜਾ ਦੇ ਲੈ ਕੇ ਆਈ ਏ ਸੂਰਜ ਦਾ ਸਿਰ  
ਪੌਹ ਫੁਟੇ ਇਹ ਮੇਰੇ ਦਰਵਾਜ਼ੇ ਤੇ ਕਿਹੜੀ ਅਪਸਰਾ


ਭਾਰਤ ਜਾਣ ਦੀ ਤਿਆਰੀ ਹੈ?

**East West Travel Ltd.**

**ਹਵਾਈ ਟਿਕਟਾਂ**

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5


# ਅੰਮ੍ਰਿਤਸਰ ਵਿਚ ਭਿੰਡਰਾਂ-ਵਾਲਾ ਬਾਰੇ ਵੱਖ ਵੱਖ ਰਾਵਾਂ

ਏਜੰਸੀ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਵਿਚ ਸੰਤ ਭਿੰਡਰਾਂਵਾਲੇ ਬਾਰੇ ਵੱਖ ਵੱਖ ਰਾਵਾਂ ਦਿਤੀਆਂ ਜਾ ਰਹੀਆਂ ਹਨ। ਇਕ ਪਾਸੇ ਇਹ ਕਿਹਾ ਜਾ ਰਿਹਾ ਹੈ ਉਨ੍ਹਾਂ ਦਾ ਆਪਣੇ ਦੋਵੇਂ ਸ਼ਰਧਾਲੂਆਂ ਨਾਲ ਪੱਕਾ ਮੁਹਾਦਾ ਸੀ ਕਿ ਫੌਜ ਦੇ ਹੱਥ ਨਹੀਂ ਆਉਣਾ, ਇਸ ਲਈ ਘੇਰੇ ਵਿਚ ਨਾਲ ਦੇ ਸਾਥੀਆਂ ਦੇ ਮਾਰੇ ਜਾਣ ਪਿਛੋਂ ਉਨ੍ਹਾਂ ਇਕ ਦੂਜੇ ਦੇ ਗੋਲੀਆਂ ਮਾਰ ਦਿਤੀਆਂ। ਦੂਜੇ ਪਾਸੇ ਏਜੰਸੀ ਨੇ ਕਿਹਾ ਹੈ ਕਿ ਸੰਤ ਭਿੰਡਰਾਂਵਾਲਾ ਉਪਰ ਫੌਜੀਆਂ ਨੇ ਗੋਲੀਆਂ ਦੀ ਬੁਛਾੜ ਕੀਤੀ।

ਏਜੰਸੀ ਅਨੁਸਾਰ 9 ਜੂਨ ਦੀ ਰਾਤ ਨੂੰ ਵੀ ਕੰਪਲੈਕਸ ਦੇ ਆਲੇ ਦੁਆਲੇ ਗੋਲੀ ਚਲਦੀ ਰਹੀ।

# ਦਰਬਾਰਾ ਸਿੰਘ ਤੇ ਬੂਟਾ ਸਿੰਘ ਦਾ ਸਾਂਝਾ ਬਿਆਨ

ਨਵੀਂ ਦਿੱਲੀ — ਸ: ਬੂਟਾ ਸਿੰਘ ਪਾਰਲੀਮਾਨੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਇਹ ਸਾਂਝੇ ਬਿਆਨ ਵਿਚ ਕਿਹਾ ਕਿ 'ਸਾਨੂੰ ਹਰਿਮੰਦਰ ਸਾਹਿਬ ਵਿਚ ਵਾਪਰੇ ਹਾਦਸੇ ਦਾ ਬਹੁਤ ਦੁੱਖ ਹੈ। ਇਸ ਪਵਿਤਰ ਸਥਾਨ ਦੀ ਪਵਿਤਰਤਾ ਨੂੰ ਭੰਗ ਉਸ ਪਵਿਤਰ ਸਥਾਨ ਵਿਚ ਲੁਕੇ ਲੋਕਾਂ ਨੇ ਕੀਤਾ। ਮਨੁੱਖੀ ਜਾਨਾਂ ਦੇ ਚਲੇ ਜਾਣ ਤੇ ਸਾਨੂੰ ਬਹੁਤ ਦੁੱਖ ਹੈ।'

ਬਿਆਨ ਵਿਚ ਅਗੇ ਕਿਹਾ ਗਿਆ ਹੈ ਕਿ 'ਅਸੀਂ ਪੰਜਾਬ ਵਿਚ ਹਰ ਫਿਰਕੇ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸ਼ਾਂਤੀ ਬਣਾਈ ਰੱਖਣ ਅਤੇ ਹਰਿਮੰਦਰ ਸਾਹਿਬ ਦੀਆਂ ਇਲਾਹੀ ਰਵਾਇਤਾਂ ਨੂੰ ਕਾਇਮ ਰੱਖਣ ਵਿਚ ਸਹਾਈ ਹੋਣ। ਸਾਰੇ ਫਿਰਕੇ ਇਕੱਠੇ ਰਹਿਣ ਵਿਚ ਹੀ ਪੰਜਾਬ ਦੀ ਭਲਾਈ ਹੈ।'



# .ਗੈਰ-ਸਿੱਖ ਫੌਜੀ ਨਿਗਰਾਨੀ ਤੇ

ਸਿੱਖ ਯੂਨਿਟਾਂ ਤੇ ਨਜ਼ਰ ਰੱਖਣ ਲਈ ਗ਼ੈਰ-ਸਿੱਖ ਫੌਜੀ ਅਫਸਰ ਨਿਯੁਕਤ ਕਰ ਦਿਤੇ ਗਏ ਹਨ ਅਤੇ ਉਨ੍ਹਾਂ ਉਪਰ ਕਰੜੀ ਨਿਗਾਹ ਰੱਖੀ ਜਾ ਰਹੀ ਹੈ। ਇਕ ਸੂਤਰ ਅਨੁਸਾਰ ਸਾਰੇ ਸਿੱਖ ਫੌਜੀਆਂ ਤੋਂ ਹਥਿਆਰ ਲੈ ਲਏ ਗਏ ਹਨ।

ਬਰਗੇਡੀਅਰ ਆਰ. ਐਸ. ਪੁਰੀ ਬਾਰੇ ਫੌਜੀ ਬੁਲਾਰੇ ਨੇ ਕਿਹਾ ਕਿ ਜਿਸ ਵਿਅਕਤੀ ਨੇ ਬਰਗੇਡੀਅਰ ਦੇ ਗੋਲੀ ਮਾਰੀ ਉਸਦਾ ਪਤਾ ਨਹੀਂ ਲਗ ਸਕਿਆ। ਰਾਮਗੜ੍ਹ ਵਿਚ ਸਿੱਖ ਫੌਜੀਆਂ ਦੀ ਗਿਣਤੀ ਨਹੀਂ ਦੱਸੀ ਜਿਨ੍ਹਾਂ ਫੌਜ ਛੱਡ ਦਿਤੀ ਹੈ ਅਤੇ ਉਹ ਹੋਰ ਸਿੱਖਾਂ ਨਾਲ ਰਲ ਗਏ ਹਨ।

ਰੱਖਿਆ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਕਿ ਕੁਝ ਗਿਣਤੀ ਦੇ ਬੰਦੇ ਹੀ ਜਜ਼ਬਾਤੀ ਹੋ ਕੇ ਇਹ ਕਦਮ ਚੁਕ ਰਹੇ ਹਨ।

ਅਮਰੀਕੀ ਅਖਬਾਰ ਨੇ ਆਪਣੀ ਇਸ ਖਬਰ ਨੂੰ ਯੂਨਾਈਟਡ ਨੀਊਜ਼ ਆਫ ਇੰਡੀਆ ਦੀ ਰੀਪੋਰਟ ਤੇ ਆਧਾਰਤ ਕੀਤਾ ਦੱਸਿਆ ਹੈ। ਰੀਪੋਰਟ ਅਨੁਸਾਰ ਹਜ਼ਾਰੀ ਬਾਗ਼ ਦੇ ਡਿਸਟ੍ਰਿਕਟ ਮੈਜਿਸਟਰੇਟ ਨੇ ਹੋਰ ਸ਼ਹਿਰਾਂ ਵਿਚੋਂ ਫੌਜ ਮੰਗਾ ਲਈ ਹੈ ਤਾਂ ਕਿ ਸਥਿਤੀ ਤੇ ਕਾਬੂ ਪਾਇਆ ਜਾ ਸਕੇ।

# ਸਾਰੇ ਹਥਿਆਰ ਪਾਕਿਸਤਾਨ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ — ਜਨਰਲ ਬਰਾੜ

ਅੰਮ੍ਰਿਤਸਰ — ਮੇਜਰ ਜਨਰਲ ਆਰ. ਐਸ. ਬਰਾੜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਪਹੁੰਚੇ ਸਾਰੇ ਆਧੁਨਿਕ ਕਿਸਮ ਦੇ ਹਥਿਆਰ ਪਾਕਿਸਤਾਨ ਰਾਹੀਂ ਆਏ ਹਨ। ਪਾਕਿਸਤਾਨ ਨੇ ਜੋ ਰੋਲ ਭਾਰਤ ਨੂੰ ਨੁਕਸਾਨ ਪਹੁੰਚਾਣ ਵਿਚ ਨਿਭਾਇਆ ਹੈ, ਜਨਰਲ ਬਰਾੜ ਨੇ ਕਿਹਾ, ਉਹ ਨਿੰਦਣਯੋਗ ਹੈ।

'ਪੰਜਾਬ ਦੀ ਸਮੱਸਿਆ ਨੂੰ ਗੰਭੀਰ ਰੂਪ ਵਿਚ ਪਾਕਿਸਤਾਨ ਦਾ ਪੂਰਾ ਹੱਥ ਸਾਬਤ ਹੋ ਗਿਆ ਹੈ।' ਜਨਰਲ ਬਰਾੜ ਨੇ ਬਿਆਨ ਵਿਚ ਕਿਹਾ ਕਿ ਦੋ ਪਾਕਿਸਤਾਨੀ ਸੇਵਾਦਾਰਾਂ ਦੇ ਕੱਪੜਿਆਂ ਵਿਚ ਸਨ।

ਮੇਜਰ ਜਨਰਲ ਬਰਾੜ ਅਨੁਸਾਰ ਲਾਇਸੰਸ ਸ਼ੁਦਾ ਹਥਿਆਰ ਜਮ੍ਹਾਂ ਕਰਵਾਉਣ ਲਈ ਹੁਕਮ ਦੇ ਦਿਤੇ ਗਏ ਹਨ। ਜਿਨ੍ਹਾਂ ਕੋਲ ਵੀ ਲਾਇਸੰਸ ਸ਼ੁਦਾ ਹਥਿਆਰ ਹਨ ਉਹ ਉਨ੍ਹਾਂ ਨੂੰ ਪੁਲਸ ਕੋਲ ਜਮ੍ਹਾਂ ਕਰਵਾਉਣੇ ਪੈਣਗੇ।

ਮੇਜਰ ਜਨਰਲ ਬਰਾੜ ਨੇ ਕਿਹਾ ਕਿ ਕੰਪਲੈਕਸ ਵਿਚੋਂ ਫੜੇ ਗਏ ਬਹੁਤੇ ਹਥਿਆਰਾਂ ਉਤੇ ਚੀਨੀ ਅਤੇ ਪਾਕਿਸਤਾਨੀ ਨਿਸ਼ਾਨ ਹਨ ਅਤੇ ਇਹ ਪਾਕਿਸਤਾਨ ਵਿਚੋਂ ਸਮਗਲ ਹੋਏ ਹਨ। 300 ਪਾਕਿਸਤਾਨੀ ਪਾਸਪੋਰਟ ਵੀ ਕੰਪਲੈਕਸ ਵਿਚੋਂ ਫੜਿਆ ਗਿਆ ਹੈ।

---

ਚੰਨ ਵੀ ਅੰਨ੍ਹਾ ਏ ਕਾਲੀ ਮੱਸਿਆ ਦੀ ਰਾਤ ਵਾਂਗ  
ਤੋੜ ਕੇ ਗੀਝਾਂ ਦੇ ਤਾਰੇ ਏਸ ਦੀ ਝੋਲੀ ਨਾ ਪਾ


**Harcharan S. Sanghera**

B.A.,(Hons.)B.T.

We wish to let everybody know, that Harry, top salesman has rejoined our firm, and is eager to help in matters of real estate.

**Call (403)274-9586**

COMMISSIONER FOR OATHS

HEIN REAL ESTATE CORPORATION 272-3382



# ਅਰਥਰਾਈਟਸ ਤੇ ਉਸਦਾ ਇਲਾਜ

ਲਾਲ ਸਿੰਘ ਕੰਗ ਐਸ. ਐਸ. ਸੀ. ਪੀ. ਸੀ. ਐਸ
ਐਡੀਸ਼ਨਲ ਡਾਇਰੈਕਟਰ ਚੱਕਬੰਦੀ(ਰੀਟਾਇਰਡ),
ਸਮਰਾਲਾ ਪੰਜਾਬ

ਜ਼ੁਕਾਮ ਲੱਗਣ ਕਰਕੇ ਜਾਂ ਗਰਮ ਸਰਦ ਹੋ ਜਾਣ ਕਰਕੇ ਜਾਂ ਜਨਾਨੀਆਂ ਨੂੰ ਬੱਚਾ ਪੈਦਾ ਹੋਣ ਵੇਲੇ ਹਵਾ ਲੱਗ ਜਾਣ ਨਾਲ ਦਰਦ ਰੀਹ ਚਾਲੂ ਹੋ ਜਾਂਦਾ ਹੈ। ਦਵਾਈ ਲੈਣ ਨਾ ਦਰਦ ਚੰਦ ਦਿਨ ਕੇ ਬਾਦ ਹਟ ਜਾਂਦਾ ਹੈ ਪਰ ਰੀਹ ਦੀ ਬੀਮਾਰੀ ਅੰਦਰ ਹੀ ਅੰਦਰ ਫੈਲਦੀ ਰਹਿੰਦੀ ਹੈ। ਬੀਮਾਰ ਨੂੰ ਪਤਾ ਨਹੀਂ ਲੱਗਦਾ ਤੇ ਹੌਲੀ ਹੌਲੀ ਇਹ ਅਰਥਰਾਈਟਸ ਵਿਚ ਬਦਲ ਜਾਂਦੀ ਹੈ ਜਿਹੜੀ ਕਿ ਇਸ ਬੀਮਾਰੀ ਦੀ ਅਗਲੀ ਸਟੇਜ ਹੈ। ਜਿਸ ਬੰਦੇ ਨੂੰ ਅਰਥਰਾਈਟਸ ਦੀ ਸ਼ਕਾਇਤ ਹੋ ਜਾਂਦੀ ਹੈ ਉਹ ਥਕਿਆ ਥਕਿਆ ਮਹਿਸੂਸ ਕਰਦਾ ਹੈ। ਨਾ ਉਹਦਾ ਕੰਮ ਕਰਨ ਜੀ ਕਰਦਾ ਹੈ ਨਾ ਸਵੇਰੇ ਮੰਜੇ ਤੋਂ ਉਠਣ ਨੂੰ, ਕੰਮ ਕਰਨ ਵੇਲੇ ਛੇਤੀ ਥੱਕ ਜਾਂਦਾ ਹੈ ਤੇ ਦਮ ਚੜ੍ਹ ਜਾਂਦਾ ਹੈ।

ਬੰਦੇ ਦੇ ਅੰਦਰ ਜਿਹੜਾ ਰੇਸ਼ਾ ਹੁੰਦਾ ਹੈ ਉਹ ਦੇ ਵਿਗੜਨ ਨਾਲ ਇਹ ਬੀਮਾਰੀ ਚਾਲੂ ਹੁੰਦੀ ਹੈ। ਬੰਦੇ ਦੇ ਲੱਤਾਂ ਬਾਹਾਂ ਵਿਚ ਰੱਸੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਟਡਨ ਆਖਦੇ ਹਨ। ਰੇਸ਼ਾ ਇਨ੍ਹਾਂ ਤੇ ਜੰਮ ਜਾਂਦਾ ਹੈ। ਰੇਸ਼ਾ ਬਹੁਤ ਚੀੜ੍ਹਾ ਹੁੰਦਾ ਹੈ ਤੇ ਗੈਂਦ ਵਾਂਗ ਕਈ ਟੈਂਡਨ ਆਪਸ ਵਿਚ ਜੋੜ ਕੇ ਰੱਸੇ ਜਹੇ ਬਣਾ ਦਿੰਦਾ ਹੈ ਤੇ ਇਨ੍ਹਾਂ ਦੇ ਕਾਰਨ ਲੱਤਾਂ ਬਾਹਾਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਸਖਤ ਲੱਕੜੀ ਵਗੈਰਾ ਨਾਲ ਲੱਗਣ ਨਾਲ ਦਰਦ ਕਰਦੀਆਂ ਹਨ। ਜਦੋਂ ਅਰਥਰਾਈਟਸ ਸਾਰੇ ਬਦਨ ਵਿਚ ਫੈਲ ਜਾਂਦਾ ਹੈ ਤਦ ਇਹ ਗਰਦਨ, ਮੋਢੇ, ਲੱਕ ਜਾਂ ਗੋਡੇ ਵਿਚ ਦਰਦ ਪੈਦਾ ਕਰਦਾ ਹੈ ਤਾਂ ਹੀ ਬੰਦੇ ਨੂੰ ਪਤਾ ਲਗਦਾ ਹੈ ਕਿ ਉਹ ਬੀਮਾਰ ਹੈ।

ਅਰਥਰਾਈਟਸ ਬੀਮਾਰ ਨੂੰ ਡਰਾ ਕੇ ਕਾਬੂ ਕਰਦਾ ਹੈ। ਜਦ ਗੋਡਿਆਂ ਵਿਚ ਦਰਦ ਹੁੰਦਾ ਹੈ ਤਾਂ ਬੰਦਾ ਉਦਾਂ ਚਲਦਾ ਹੈ ਜਿਸ ਨਾਲ ਗੋਡਿਆਂ ਵਿਚ ਦਰਦ ਘਟ ਹੋਵੇ ਤੇ ਬੀਮਾਰੀ ਉਹਨੂੰ ਜਕੜਦੀ ਚਲੀ ਜਾਂਦੀ ਹੈ ਤੇ ਗੋਡੇ ਕੰਮ ਕਰਨੋਂ ਰਹਿ ਜਾਂਦੇ ਹਨ। ਜੇ ਲੱਕ ਵਿਚ ਦਰਦ ਹੋਵੇ ਤਾਂ ਬੰਦਾ ਸਿੱਧਾ ਖੜਾ ਹੋਣੋਂ ਦਰਦ ਕਰਕੇ ਡਰਦਾ ਹੈ, ਤੇ ਹੌਲੀ ਹੌਲੀ ਅਗੇ ਨੂੰ ਝੁਕਦਾ ਚਲਿਆ ਜਾਂਦਾ ਹੈ। ਤੇ ਲੱਕ ਧੁਨਖ ਦੀ ਤਰ੍ਹਾਂ ਮੁੜ ਜਾਂਦਾ ਹੈ ਜਿਵੇਂ ਹਰ ਨਗਰ ਵਿਚ ਕੁਛ ਝੁਕੀ ਹੋਈ ਕਮਰ ਵਾਲੇ ਬੁਢੇ ਸੋਟੀ ਨਹਲ ਚਲਦੇ ਨਜ਼ਰ ਆਉਂਦੇ ਹਨ।

35 ਸਾਲ ਤੋਂ ਉਤੇ ਇਹ ਬੀਮਾਰੀ ਹਰ ਬੰਦੇ ਨੂੰ ਥੋੜੀ ਬਹੁਤ ਹੋ ਜਾਂਦੀ ਹੈ ਜ਼ੋਰ ਦਾ ਕੰਮ ਕਰਨ ਵਾਲੇ ਨੂੰ ਘੱਟ ਹੁੰਦੀ ਹੈ ਬਾਕੀਆਂ ਨੂੰ ਜ਼ਿਆਦੇ। ਇਹਦਾ ਇਹ ਮਤਲਬ ਨਹੀਂ ਕਿ ਛੋਟੀ ਉਮਰ ਵਿਚ ਇਹ ਬੀਮਾਰੀ ਹੁੰਦੀ ਹੀ ਨਹੀਂ। ਹੁੰਦੀ ਹੈ! ਪਰ ਹਜ਼ਾਰਾਂ ਚੋਂ ਇਕ ਅੱਧੇ ਨੂੰ ਛੋਟੀ ਉਮਰ ਵਿਚ ਜਿਹਨੂੰ ਇਹ ਬੀਮਾਰੀ ਹੁੰਦੀ ਹੈ ਉਹਦਾ ਬਦਨ ਦੁਬਲਾ ਪਤਲਾ ਤੇ ਕਮਜ਼ੋਰ ਹੋ ਜਾਂਦਾ ਹੈ। ਕਈ ਗਭਰੂਆਂ ਦੀਆਂ ਹੱਡੀਆਂ ਹੀ ਨਿਕਲ ਆਉਂਦੀਆਂ ਹਨ।

35 ਸਾਲ ਤੋਂ ਉਪਰ ਵਾਲਿਆਂ ਦਾ ਰੇਸ਼ਾ ਪਠਿਆਂ ਵਿਚ ਵੀ ਜੰਮ ਜਾਂਦਾ ਹੈ ਤੇ ਗੋਡੇ ਗਿਟੇ ਸੁਜ ਜਾਂਦੇ ਹਨ। ਤੇ ਉਹ ਮੋਟੇ ਭਾਸਦੇ ਹਨ। ਕਈ ਬੀਮਾਰਾਂ ਦਾ ਬਦਨ ਸਖਤ ਹੋ ਜਾਂਦਾ ਹੈ ਤੇ ਉਹਨਾਂ ਦੇ ਉਂਗਲੀ ਵੀ ਨਹੀਂ ਚੁਭਦੀ। ਐਸੇ ਬੀਮਾਰਾਂ ਨੂੰ ਜ਼ਿਆਦਾ ਲੱਕ ਵਿਚ ਦਰਦ ਹੁੰਦਾ ਹੈ ਤੇ ਚੁਕ ਪੈ ਜਾਂਦੀ ਹੈ! ਐਕਸਰੇ ਵਿਚ ਕਮਰੋੜ ਦੀਆਂ ਛੋਟੀਆਂ ਛੋਟੀਆਂ ਹੱਡੀਆਂ ਆਪਣੇ ਥਾਉਂ ਤੋਂ ਹਿਲੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਡਾ: ਇਸ ਨੂੰ ਸਲਿਪ ਡਿਸਕ ਆਖਦੇ ਹਨ।

ਕਮਰੋੜ ਦੇ ਅੰਦਰ ਦੀ ਦਿਮਾਗ ਤੋਂ ਸਾਰੇ ਪਿੰਡੇ ਨੂੰ ਨਰਵਜ਼ ਸਾਰੇ ਪਿੰਡੇ ਨੂੰ ਜਾਂਦੀਆਂ ਹਨ। ਹਰ ਛੋਟੀ ਹੱਡੀ ਦੇ ਸਿਰੇ ਤੇ ਕੁਝ ਨਰਵਜ਼ ਬਾਹਰ ਨਿਕਲਦੀਆਂ ਹਨ। ਰੇਸ਼ਾ ਜੰਮਣ ਨਾਲ ਇਹ ਨਰਵਜ਼ ਮੋਟੀਆਂ ਹੋਣ ਕਾਰਨ ਛੋਟੀਆਂ ਹੱਡੀਆਂ ਨੂੰ ਆਪਣੇ ਥਾਂ ਤੋਂ ਹਿਲਾ ਦਿੰਦੀਆਂ ਹਨ। ਰੀੜ ਦੀ ਹੱਡੀ ਛੋਟੀ ਛੋਟੀ ਹੱਡੀਆਂ ਦੀ ਬਣੀ ਹੁੰਦੀ ਹੈ ਜਿਹੜੀਆਂ ਇਕ ਦੂਜੇ ਵਿਚ ਫਿਟ ਹੁੰਦੀਆਂ ਹਨ। ਰੇਸ਼ਾ ਇਹਨਾਂ ਨਰਵਜ਼ ਨੂੰ ਖਰਾਬ ਤੇ ਮੋਟਾ ਕਰ ਦਿੰਦਾ ਹੈ ਤੇ ਨਰਵਜ਼ ਹੱਡੀਆਂ ਨੂੰ ਧੱਕ ਦਿੰਦੀਆਂ ਹਨ ਤੇ ਸਲਿਪ ਡਿਸਕ ਐਕਸਰੇ ਵਿਚ ਨਜ਼ਰ ਆਉਂਦੀ ਹੈ। ਇਹ ਛੋਟੀ ਹੱਡੀਆਂ ਦੇ ਹਿਲਣ ਕਰਕੇ ਲੱਕ ਵਿਚ ਚੁਕ ਪੈਂਦੀ ਹੈ ਤੇ ਇਹਨਾਂ ਹੱਡੀਆਂ ਦੇ ਹੌਲੀ ਹੌਲੀ ਹਿਲ ਜਾਣ ਕਰਕੇ ਰੀੜ ਦੀ ਹੱਡੀ ਧੁਣਕੀ ਵਾਂਗ ਮੁੜ ਜਾਂਦੀ ਹੈ ਤੇ ਬੰਦਾ ਅੱਗੇ ਨੂੰ ਝੁਕ ਜਾਂਦਾ ਹੈ।

ਜਦੋਂ ਗਰਦਨ, ਮੋਢੇ, ਲੱਕ ਜਾਂ ਗੋਡੇ ਵਿਚ ਦਰਦ ਹੁੰਦਾ ਹੈ ਤਾਂ ਬੰਦਾ ਤੁਰਨਾ ਫਿਰਨਾ ਬੰਦ ਕਰ ਦਿੰਦਾ ਹੈ ਤੇ ਬੀਮਾਰੀ ਉਸਨੂੰ ਜਕੜਦੀ ਚਲੀ ਜਾਂਦੀ ਹੈ ਤੇ ਉਹ ਸ਼ੋਰ ਮਚਾਂਦਾ ਹੈ। ਮੇਰਾ ਇਲਾਜ ਕਰਾਓ। ਮੇਰਾ ਇਲਾਜ ਕਰਾਓ। ਡਾਕਟਰਾਂ ਦੇ ਪਾਸ ਇਹ ਬੀਮਾਰੀ ਦਾ ਕੋਈ ਇਲਾਜ ਨਹੀਂ ਹੈ। ਟੀਕੇ ਲੱਗਣ ਨਾਲ ਦਰਦ ਦੋ ਚਾਰ ਦਿਨ ਹਟ ਜਾਂਦਾ ਹੈ। ਪਰ ਫੇਰ ਉਦਾਂ ਦੀ ਹੀ ਹੋਣ ਲੱਗ ਪੈਂਦਾ ਹੈ। ਕਈ ਮਰੀਜ਼ ਸਫਦਰ ਜੰਗ ਹਸਪਤਾਲ ਦਿੱਲੀ ਪੀ. ਜੀ. ਆਈ. ਚੰਡੀਗੜ੍ਹ ਦੇ ਬਰਾਊਨ ਹਸਪਤਾਲ ਲੁਧਿਆਣਾ ਵਿਚ ਕਈ ਕਈ ਮਹੀਨੇ ਇਲਾਜ ਕਰਵਾ ਆਏ ਪਰ ਫਾਇਦਾ ਨਹੀਂ ਹੋਇਆ।

ਅਰਥਰਾਈਟਸ ਤੋਂ ਅਸਲੀ ਸਟੇਜ ਜਾਂ ਪਾਰਕਿਲਸ਼ਨ ਬੀਮਾਰੀ ਹੁੰਦੀ ਹੈ ਜਾਂ ਅਧਰੰਗ। ਅਧਰੰਗ ਸਭ ਲੋਕ ਜਾਣਦੇ ਹਨ। ਬਦਨ ਦਾ ਇਕ ਪਾਸਾ ਕੰਮ ਕਰਨੋਂ ਰਹਿ ਜਾਂਦਾ ਹੈ। (ਸੱਜਾ ਜਾਂ ਖੱਬਾ) ਕਈ ਵਾਰੀ ਸਿਰਫ ਇਕ ਬਾਂਹ ਜਾਂ ਇਕ ਲੱਤ ਕੰਮ ਕਰਨੋਂ ਰਹਿ ਜਾਂਦੀ ਹੈ। ਪਾਰਕਿਨਸਨ ਬੀਮਾਰੀ ਵਿਚ ਪਿੰਡਾ ਆਕੜਿਆ ਆਕੜਿਆ ਜਿਹਾ ਹੋ ਜਾਂਦਾ ਹੈ। ਉਠਣਾ ਬੈਠਣਾ ਚਲਣਾ ਫਿਰਨਾ ਔਖਾ ਹੋ ਜਾਂਦਾ ਹੈ। ਬੀਮਾਰ ਹੌਂਸਲਾ ਖੋ ਬੈਠਦਾ ਹੈ ਤੇ ਦੂਜਿਆਂ ਦੇ ਸਹਾਰੇ ਜੀਉਂਦਾ ਹੈ।

ਅਰਥਰਾਈਟਸ ਵਾਲੇ ਦੀ ਜਿਲਦ ਨਰਮ ਹੋ ਕੇ ਆਪਣੀ ਤਾਕਤ ਖੋ ਬੈਠਦੀ ਹੈ। ਜਿਸ ਕਾਰਨ ਪਿੰਡੇ ਦੇ ਰੋਮ ਬੰਦ ਹੋ ਜਾਂਦੇ ਹਨ ਤੇ ਮੁੜਕਾ ਆਉਣਾ ਬੰਦ ਹੋ ਜਾਂਦਾ ਹੈ ਹੌਲੀ ਹੌਲੀ ਪਿੰਡਾ ਅਜਿਹਾ ਹੋ ਜਾਂਦਾ ਹੈ। ਜਿਦਾਂ ਮੋਮ ਜਾਂ ਪਲਾਸਟਿਕ ਦਾ ਬਣਿਆ ਹੁੰਦਾ ਹੈ। ਇਹ ਪਾਰਕਿਨਸਨ ਬੀਮਾਰੀ ਦੀ ਨਿਸ਼ਾਨੀ ਹੈ। ਸਾਰੇ ਜੋੜ ਤੇ ਪੱਠੇ ਸਖਤ ਹੋ ਜਾਂਦੇ ਹਨ ਤੇ ਬੀਮਾਰ ਮੁੜ ਤੇ ਝੁਕ ਨਹੀਂ ਸਕਦਾ ਤੇ ਡੰਡੇ ਦੀ ਤਰ੍ਹਾਂ ਸਿੱਧਾ ਤੁਰਦਾ ਹੈ ਪਰ ਬਹੁਤ ਹੌਲੀ ਹੌਲੀ ਜੇ ਪਿੰਡੇ ਨੂੰ ਤੁੜਕਾ ਦਿਵਾਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਬੀਮਾਰੀ ਘਟ ਜਾਂਦੀ ਹੈ ਡੰਡਾ ਮਾਲਸ਼ ਹੀ ਇਸ ਨੂੰ ਦੂਰ ਕਰਦੀ ਹੈ। ਮੀਂਹ ਦੇ ਮੌਸਮ ਵਿਚ ਮੁੜਕਾ ਨਹੀਂ ਲੈਣਾ ਚਾਹੀਦਾ ਤੇ ਮੁੜਕਾ ਬੰਦਾ ਕਮਰੇ ਵਿਚ ਲੈਣਾ ਚਾਹੀਦਾ ਤਾਂ ਕਿ ਹਵਾ ਨਾ ਲਗੇ, ਮੁੜਕਾ ਲੈਣ ਪਿਛੋਂ ਪਿੰਡਾ ਪੋਚ ਕੇ ਕਪੜੇ ਵਿਚ ਲਿਪਟ ਜਾਉ। ਸਿਆਲਾਂ ਨੂੰ ਰਜਾਈ 'ਚ ਮੁੜਕਾ ਲੈਣ ਦੇ ਦੋ ਸਾਧਨ ਹਨ। ਅਮਰਬੇਲ(ਜਿਹੜੇ ਪੀਲੇ ਧਾਗੇ ਜਿਹੇ ਬੇਰੀਆਂ ਤਹੇ ਹੁੰਦੇ ਹਨ) 50 ਗਰਾਮ, ਬੇਰੀ ਨਿਮ ਤੇ ਟਾਹਲੀ ਦੇ ਪਤੇ 50.50 ਗਰਾਮ, ਕੁਟ ਕੇ ਰਗਦੜ ਜਿਹਾ ਕਰ ਲਵੋ ਤੇ ਇਕ ਭਾਂਡੇ ਵਿਚ ਪੰਜ ਕਿਲੋ ਪਾਣੀ ਵਿਚ ਪਾ ਕੇ ਭਾਂਡੇ ਦਾ ਮੂੰਹ ਢੱਕਣ ਦੇ ਕੇ ਆਟੇ ਨਾਲ ਲਿਪ ਦਿਓ ਸਿਰਫ ਇਕ ਪਲਾਸਟ ਦੀ ਨਾਲੀ ਰਾਹੀਂ ਭਾਪ ਬਾਹਰ ਨਿਕਲ ਸਕੇ। ਭਾਂਡੇ ਨੂੰ ਅਗ ਤੇ ਰਖ ਦਿਓ। ਜਿਹੜੇ ਥਾਂ ਭਾਪ ਦੇਣੀ ਹੋਵੇ ਉਥੇ ਨਾਲੀ ਦੇ ਸਿਰੇ ਨਾਲ 10 ਮਿੰਟ ਭਾਪ ਦਿਓ। ਜੇ ਸਾਰੇ ਸਰੀਰ ਨੂੰ ਭਾਪ ਦੇਣੀ ਹੋਵੇ ਤਾਂ ਕਪੜੇ ਖੋਲ ਕੇ ਇਕ ਮੋਟੀ ਚਾਦਰ ਕੰਬਲ ਜਾਂ ਰਜਾਈ ਵਿਚ ਲਿਪਟ ਜਾਉ ਤੇ ਨਾਲੀ ਦਾ ਸਿਰਾ ਪਿੰਡੇ ਦੇ ਕੋਲ ਲੈ ਜਾਉ। ਨਾਲੀ 10,15 ਮਿੰਟ ਪਿੰਡੇ ਦੇ ਆਲੇ ਦੁਆਲੇ ਫੇਰੋ। ਖੂਬ ਪਸੀਨਾ ਆਉਗਾ ਫੇਰ ਮੁੜਕਾ ਪੂੰਜ ਕੇ ਸੁੱਕੇ ਕਪੜੇ ਜਾਂ ਰਜਾਈ ਵਿਚ ਲਿਪਟ ਜਾਓ ਤੇ ਅੱਧਾ ਘੰਟਾ ਲੇਟੇ ਰਹੋ।

(ਬਾਕੀ ਅਗਲੇ ਅੰਕ ਵਿਚ)

# ਫੌਜ ਨੇ ਪਵਿੱਤਰ ਸਥਾਨ ਦੀ ਪਵਿੱਤਰਤਾ ਬਚਾਈ ਹੈ— ਇੰਦਰਾ ਗਾਂਧੀ

ਨੀਯੂਯਾਰਕ— ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 'ਨਿਊਯਾਰਕ ਟਾਈਮਜ਼' ਅਖਬਾਰ ਨੂੰ ਇੰਟਰਵੀਊ ਵਿਚ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਫੌਜ ਇਸ ਲਈ ਭੇਜੀ ਤਾਂਕਿ ਸਿੱਖਾਂ ਦੇ ਸਭ ਤੋਂ ਪਵਿਤਰ ਸਥਾਨ ਦੀ ਪਵਿਤਰਤਾ ਕਾਇਮ ਰੱਖੀ ਜਾਵੇ।

ਸ੍ਰੀਮਤੀ ਗਾਂਧੀ ਨੇ ਕਿਹਾ ਸਿੱਖਾਂ ਦੇ ਪਵਿਤਰ ਸਥਾਨ ਨੂੰ ਅਸਲਖਾਨੇ ਵਿਚ ਬਦਲ ਦਿਤਾ ਗਿਆ ਸੀ ਅਤੇ ਮਾਸੂਮ ਲੋਕਾਂ ਦੇ ਕਤਲ ਉਨ੍ਹਾਂ ਹਥਿਆਰਾਂ ਨਾਲ ਕੀਤੇ ਜਾ ਰਹੇ ਸਨ ਜੋ ਹਥਿਆਰ ਉਸ ਪਵਿਤਰ ਸਥਾਨ ਤੋਂ ਮੁਹੱਈਆ ਕੀਤੇ ਜਾ ਸਕਦੇ ਸਨ।

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਧਾਰਮਕ ਸਥਾਨਾਂ ਦੀ ਪਵਿਤਰਤਾ ਕਾਇਮ ਰੱਖਣਾ ਜ਼ਰੂਰੀ ਹੈ ਤਾਂ ਕਿ ਧਾਰਮਕ ਸਥਾਨਾਂ ਨੂੰ ਕੁਝ ਗਲਤ ਬੰਦੇ ਆਪਣੇ ਗ਼ਲਤ ਕੰਮਾਂ ਲਈ ਨਾ ਵਰਤਣ।

# ਗਿਆਨੀ ਜ਼ੈਲ ਸਿੰਘ ਹਰਿਮੰਦਰ ਸਾਹਿਬ ਵਿਚ ਕੀਰਤਨ ਅਰੰਭ ਕਰਾ ਆਏ

ਅੰਮ੍ਰਿਤਸਰ — ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਦੋ ਘੰਟੇ ਹਰਿਮੰਦਰ ਸਾਹਿਬ ਜਾ ਕੇ ਸਾਰੇ ਕੰਪਲੈਕਸ ਦਾ ਜਾਇਜ਼ਾ ਲਿਆ ਅਤੇ ਹਰਿਮੰਦਰ ਸਾਹਿਬ ਵਿਚ ਕੀਰਤਨ ਸ਼ੁਰੂ ਕਰਵਾਇਆ। ਇਸੇ ਦੌਰਾਨ ਇਹ ਅਫਵਾਹ ਵੀ ਦਿੱਲੀ ਦੇ ਹਲਕਿਆਂ ਵਿਚ ਚਲ ਰਹੀ ਹੈ ਕਿ ਰਾਸ਼ਟਰਪਤੀ ਸਿੱਖ ਹੋਣ ਦੇ ਨਾਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਏ ਖ਼ੂਨ ਖਰਾਬੇ ਕਾਰਨ ਬਹੁਤ ਦੁਖੀ ਹਨ ਅਤੇ ਅਸਤੀਫਾ ਦੇਣ ਬਾਰੇ ਸੋਚ ਰਹੇ ਹਨ। ਕਈ ਤਾਂ ਇਹ ਵੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਨਜ਼ਰਬੰਦ ਕਰ ਲਿਆ ਗਿਆ ਹੈ। ਪਰ ਇਹ ਅਜੇ ਤੱਕ ਅਫਵਾਹਾਂ ਹੀ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਸਹੀ ਸਲਾਮਤ ਹੋਣ ਤੇ ਰਾਸ਼ਟਰਪਤੀ ਨੇ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਜਿਸ ਵਿਚ ਸੰਤ ਭਿੰਡਰਾਂਵਾਲਾ ਤੇ ਉਨ੍ਹਾਂ ਦੇ ਸ਼ਰਧਾਲੂ ਹਥਿਆਰਾਂ ਸਮੇਤ ਰਹਿ ਰਹੇ ਸਨ ਅਤੇ ਜੋ ਸਥਾਨ ਲੜਾਈ ਦਾ ਮੁੱਖ ਕੇਂਦਰ ਬਣਾਇਆ ਗਿਆ, ਉਸਦੇ ਹੋਏ ਨੁਕਸਾਨ ਬਾਰੇ ਰਾਸ਼ਟਰਪਤੀ ਨੇ ਪੰਜਾਬ ਦੇ ਗਵਰਨਰ ਸ੍ਰੀ ਬੀ. ਡੀ. ਪਾਂਡੇ ਨੂੰ ਹਦਾਇਤ ਕੀਤੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਤੇ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦਾ ਹੋਇਆ ਨੁਕਸਾਨ ਪੂਰੀ ਤਰ੍ਹਾਂ ਠੀਕ ਕਰ ਦਿਤਾ ਜਾਵੇ।

ਰਾਸ਼ਟਰਪਤੀ ਦੇ ਹਰਿਮੰਦਰ ਸਾਹਿਬ ਪਹੁੰਚਣ ਤੇ ਉਨ੍ਹਾਂ ਨੂੰ ਸਿੰਘ ਸਾਹਿਬ ਸਾਹਿਬ ਸਿੰਘ ਮਿਲੇ ਜਿਨ੍ਹਾਂ ਬਾਰੇ ਏਥੇ ਦੇ ਕਈ ਵਿਅਕਤੀਆਂ ਨੇ 'ਸ਼ਹੀਦ' ਹੋਣ ਦੀ ਖਬਰ ਉਡਾਈ ਸੀ।

ਰਾਸ਼ਟਰਪਤੀ ਨੇ ਉਹ ਹਥਿਆਰਾਂ ਦੇ ਭੰਡਾਰ ਵੀ ਦੇਖੇ ਜੋ ਸੰਤ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਲੜਾਈ ਵਿਚ ਵਰਤੇ ਗਏ ਇਹ ਹਥਿਆਰਾਂ ਉਤੇ ਨਿਸ਼ਾਨਾਂ ਤੋਂ ਪਤਾ ਲੱਗਾ ਕਿ ਬਹੁਤੇ ਹਥਿਆਰਾਂ ਉਤੇ ਚੀਨ, ਪਾਕਿਸਤਾਨ, ਅਮਰੀਕਾ, ਕੈਨੇਡਾ ਅਤੇ ਸਵੀਡਨ ਦੇਸ਼ਾਂ ਦੇ ਨਿਸ਼ਾਨ ਸਨ। ਰਾਸ਼ਟਰਪਤੀ ਨੇ ਇਨ੍ਹਾਂ ਆਧੁਨਿਕ ਹਥਿਆਰਾਂ ਨੂੰ ਦੇਖ ਕੇ ਹੈਰਾਨੀ ਪ੍ਰਗਟ ਕੀਤੀ ਕਿ ਇਹ ਹਥਿਆਰ ਸ੍ਰੀ ਅਕਾਲ ਤਖਤ ਸਾਹਿਬ ਤੱਕ ਕਿਵੇਂ ਅੱਪੜੇ।

ਰਾਸ਼ਟਰਪਤੀ ਨੇ ਗਵਰਨਰ ਨੂੰ ਆਦੇਸ਼ ਦਿਤੇ ਕਿ ਲੰਮੇ ਕਰਫੀਊ ਕਾਰਨ ਲੋਕਾਂ ਨੂੰ ਸਹਾਇਤਾ ਪਹੁੰਚਾਈ ਜਾਵੇ ਅਤੇ ਬੀਮਾਰਾਂ ਨੂੰ ਦਵਾ ਦਾਰੂ ਦਾ ਪ੍ਰਬੰਧ ਕੀਤਾ ਜਾਵੇ। ਗਵਰਨਰ ਨੂੰ ਇਹ ਆਦੇਸ਼ ਵੀ ਦਿਤਾ ਗਿਆ ਕਿ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ-ਦੁਆਲੇ ਦੇ ਜਿਨ੍ਹਾਂ ਘਰਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਮੁਆਵਜ਼ਾ ਦਿਤਾ ਜਾਏ।

ਇਸ਼ਕ ਠੋਕਰ ਤੇ ਮੁਸਕਰਾਉਂਦਾ ਹੈ

ਸੁਰਿੰਦਰ ਕੌਰ, ਜਗਜੀਤ ਜ਼ੀਰਵੀ, ਭੋਲੀ ਦੀਆਂ ਮਧੁਰ ਆਵਾਜ਼ਾਂ ਵਿਚ

ਗੁਰਚਰਨ ਰਾਮਪੁਰੀ ਦੀਆਂ
ਗਜ਼ਲਾਂ/ਗੀਤਾਂ ਦੀ ਕੈਸਟ ਟੇਪ ਇਨ੍ਹਾਂ ਸਟੋਰਾਂ ਤੋਂ ਲਵੋ:

ਅੰਬੀਕਾ ਫੂਡਜ਼ — ਵਿਕਟੋਰੀਆ ਡਰਾਈਵ, ਵੈਨਕੂਵਰ
ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ — ਮੇਨ ਸਟਰੀਟ, ਵੈਨਕੂਵਰ

# ਫੌਜੀਆਂ ਵਲੋਂ ਪਿੰਡਾਂ ਦੀ ਛਾਣਬੀਣ ਜਾਰੀ

ਨਵੀਂ ਦਿੱਲੀ — ਜੂਨ 9 — ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ 9 ਜੂਨ ਨੂੰ ਪੰਜਾਬ ਵਿਚ ਹਿੰਸਾਤਮਕ ਘਟਨਾਵਾਂ ਘਟੀਆਂ ਪਰ ਫਿਰ ਵੀ ਛੇ ਵਿਅਕਤੀ ਮਾਰੇ ਗਏ।

ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੇ ਪੁਰਾਣੇ ਇਲਾਕਿਆਂ ਵਿਚ ਫੌਜੀ ਦਸਤੇ ਛਾਣਬੀਣ ਕਰਕੇ ਅਜਿਹੇ ਸ਼ੱਕੀ ਵਿਅਕਤੀਆਂ ਦੀ ਭਾਲ ਕਰਦੇ ਰਹੇ ਜਿਨ੍ਹਾਂ ਤੇ ਗੋਲੀ ਚਲਾਏ ਜਾਣ ਦਾ ਸ਼ੱਕ ਹੈ।

ਸਰਕਾਰੀ ਸੂਤਰਾਂ ਅਨੁਸਾਰ ਪਿੰਡਾਂ ਅਤੇ ਸ਼ਹਿਰਾਂ ਦੇ ਲੋਕ ਹਿੰਸਾ ਤੋਂ ਤੰਗ ਆਏ ਪਏ ਸਨ ਅਤੇ ਲੋਕ ਆਪ ਫੌਜ ਦੀ ਮੱਦਦ ਕਰ ਰਹੇ ਹਨ।

ਫਰੀਦਕੋਟ ਜ਼ਿਲੇ ਦੇ ਇਕ ਪਿੰਡ ਦੀ ਪੰਚਾਇਤ ਨੇ ਤਿੰਨ ਵਿਅਕਤੀ ਫੜ ਕੇ ਫੌਜ ਦੇ ਹਵਾਲੇ ਕਰ ਦਿਤੇ ਜਿਨ੍ਹਾਂ ਨੇ ਫੌਜੀ ਦਸਤਿਆਂ ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਸੀ।

ਪੰਜਾਬ ਤੋਂ ਬਾਹਰ ਮੁਜ਼ਾਹਰੇ ਕਾਫੀ ਘੱਟ ਗਏ ਹਨ। ਪਰ ਅਜੇ ਵੀ ਸਰਹੱਦੀ ਇਲਾਕਿਆਂ ਵਿਚ ਇਨ੍ਹਾਂ ਦਾ ਜ਼ੋਰ ਹੈ। ਜੰਮੂ ਵਿਚ ਵੀ ਫੌਜੀ ਦਸਤੇ ਪਹੁੰਚ ਗਏ ਹਨ।

ਦੋ ਫੌਜੀਆਂ ਤੇ ਅੰਮ੍ਰਿਤਸਰ ਵਿਚ ਗੋਲੀਆਂ ਚਲਾਈਆਂ ਗਈਆਂ ਜਦੋਂ ਉਹ ਰਿਹਾਇਸ਼ੀ ਹਲਕਿਆਂ ਵਿਚ ਫਿਰ ਰਹੇ ਸਨ। ਦੋਵੇਂ ਫੌਜੀ ਸਿਪਾਹੀ ਗੋਲੀਆਂ ਨਾਲ ਦਮ ਤੋੜ ਗਏ।

# ਜਲੰਧਰ ਵਿਚ ਗੋਲੀ

ਅਣਪਛਾਤੇ ਆਦਮੀਆਂ ਨੇ ਜਲੰਧਰ ਦੇ ਇਕ ਪਿੰਡ ਵਿਚ ਤਿੰਨ ਵਿਅਕਤੀਆਂ ਨੂੰ ਗੋਲੀਆਂ ਨਾਲ ਮਾਰ ਦਿਤਾ।

800 ਵਿਅਕਤੀ ਜੋ ਗ੍ਰਿਫਤਾਰ ਕੀਤੇ ਗਏ ਹਨ ਉਨ੍ਹਾਂ ਤੋਂ ਹਥਿਆਰਾਂ ਬਾਰੇ ਪੁਛ ਗਿਛ ਹੋ ਰਹੀ ਹੈ ਕਿ ਇਹ ਹਥਿਆਰ ਕਿਨਾਂ ਸਾਧਨਾਂ ਰਾਹੀਂ ਵਸੂਲ ਕੀਤੇ ਗਏ ਅਤੇ ਕਿਹੜੇ ਕਿਹੜੇ ਦੇਸ਼ਾਂ ਨੇ ਇਹ ਹਥਿਆਰ ਮੁਹੱਈਆ ਕੀਤੇ।

# ਤਰਨਤਾਰਨ ਵਿਚ ਵੀ ਗ੍ਰਿਫਤਾਰੀਆਂ

ਤਰਨਤਾਰਨ ਦੇ ਹਲਕੇ ਵਿਚ 300 ਤੋਂ ਉਤੇ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਗ੍ਰਿਫਤਾਰ ਹੋਏ ਵਿਅਕਤੀਆਂ ਵਿਚੋਂ ਕਈਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਤੇ ਫੌਜੀ ਦਸਤਿਆਂ ਨੇ ਗੋਲੀ ਚਲਾਈ। ਏਜੰਸੀ ਨੇ ਮੌਤਾਂ ਦੀ ਗਿਣਤੀ ਨਹੀਂ ਦਿਤੀ।

# ਫਰੀਦਕੋਟ ਜ਼ਿਲੇ ਵਿਚ ਸ਼ੱਕੀ ਬੰਦੇ ਗ੍ਰਿਫਤਾਰ

ਫਰੀਦਕੋਟ(ਏ.ਪੀ.)—ਐਸੋਸੀਏਟਿਡ ਪ੍ਰੈਸ ਦੀ ਖਬਰ ਅਨੁਸਾਰ ਸਭ ਤੋਂ ਵੱਧ ਸ਼ੱਕੀ ਬੰਦੇ ਫਰੀਦਕੋਟ ਜ਼ਿਲੇ ਵਿਚ ਹੋਣ ਕਾਰਨ - ਇਸ ਜ਼ਿਲੇ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਫੌਜੀ ਦਸਤੇ ਪਹੁੰਚ ਗਏ ਹਨ ਅਤੇ ਸ਼ੱਕੀ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਏਜੰਸੀ ਅਨੁਸਾਰ ਸੰਤ ਭਿੰਡਰਾਂਵਾਲਾ ਦਾ ਆਪਦਾ ਇਲਾਕਾ ਹੋਣ ਕਾਰਨ ਫਰੀਦਕੋਟ ਜ਼ਿਲੇ ਵਿਚ ਸਭ ਤੋਂ ਵੱਧ ਸਮਰਥਕ ਇਸੇ ਜ਼ਿਲੇ ਵਿਚ ਹੀ ਹਨ ਅਤੇ ਪਿੰਡਾਂ ਵਿਚ ਫੌਜੀ ਦਸਤਿਆਂ ਵਲੋਂ ਛਾਪੇ ਜਾਰੀ ਹਨ

ਪੰਜਾਬੀ ਗਾਈਡ
(ਵਰਕ-ਬੁੱਕ)

ਕੈਨੇਡਾ ਤੇ ਅਮਰੀਕਾ ਵਿਚ ਵੱਡੀ ਹੋ ਰਹੀ ਪੰਜਾਬੀਆਂ ਦੀ ਨਵੀਂ ਪੀੜ੍ਹੀ ਲਈ ਪੰਜਾਬੀ ਸਿੱਖਣ ਵਾਸਤੇ ਪੰਜਾਬੀ ਗਾਈਡ ਤਿਆਰ ਕੀਤੀ ਗਈ ਹੈ। ਇਸ ਗਾਈਡ ਵਿਚ ਨਵੇਂ ਢੰਗ ਨਾਲ ਪੰਜਾਬੀ ਲਿਖਣ ਦੀ ਜਾਚ ਸਿਖਾਈ ਗਈ ਹੈ। ਇਹ ਗਾਈਡ ਪੰਜਾਬੀ ਟੀਚਰ ਦਾ ਕੰਮ ਕਰਦੀ ਹੈ। ਪੰਜਾਬੀ ਵਰਕ-ਬੁੱਕ ਹੈ।

ਇਹ ਗਾਈਡ ਸਰਦਾਰ ਕੇਸਰ ਸਿੰਘ ਨਾਵਲਿਸਟ ਦੀ ਮਿਹਨਤ ਦਾ ਨਤੀਜਾ ਹੈ। ਹੇਠ ਲਿਖੇ ਪਤੇ ਤੋਂ ਦਸ ਡਾਲਰ ਦਾ ਚੈਕ ਭੇਜ ਕੇ ਮੰਗਵਾ ਸਕਦੇ ਹੋ :—

KESAR SINGH
13487 - 98 A Ave.
SURREY, B.C. CANADA
V3T 1C7
Ph. (604) 581-3185

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.

We Do Passport, 5 Mins. Service, Portrait Photos & Weddings



Ph. 321-7020

# ਇਪਾਨਾ ਦਾ ਪ੍ਰੈਸ ਦੇ ਨਾਉਂ ਬਿਆਨ ਹਰਿਮੰਦਰ ਸਾਹਿਬ ਤੇ ਫੌਜੀ ਹਮਲੇ ਲਈ ਇੰਦਰਾ ਸਰਕਾਰ ਦੀ ਨਿਖੇਧੀ ਕਰੋ

ਪਿਛਲੇ ਕਾਫੀ ਸਮੇਂ ਤੋਂ ਪੰਜਾਬ ਦੀ ਸਥਿਤੀ ਗੰਭੀਰ ਤੋਂ ਗੰਭੀਰ ਹੁੰਦੀ ਚਲੀ ਗਈ ਹੈ। ਪੰਜਾਬ ਵਿਚ ਵਸਦੇ ਪੰਜਾਬੀ ਹੀ ਨਹੀਂ ਸਗੋਂ ਸਾਰੇ ਭਾਰਤ ਦੇ ਲੋਕ ਅਤੇ ਦੁਨੀਆਂ ਦੇ ਹਰ ਹਿੱਸੇ ਵਿਚ ਰਹਿੰਦੇ ਪੰਜਾਬੀ ਅਤੇ ਭਾਰਤੀ ਇਸ ਸਥਿਤੀ ਤੋਂ ਦੁਖੀ ਸਨ। ਹਰ ਕੋਈ ਚਾਹੁੰਦਾ ਸੀ ਕਿ ਇਸ ਮਸਲੇ ਨੂੰ ਛੇਤੀ ਤੋਂ ਛੇਤੀ ਹੱਲ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਬੇਗੁਨਾਹ ਲੋਕਾਂ ਦੇ ਹੋ ਰਹੇ ਕਤਲ ਰੋਕੇ ਜਾ ਸਕਣ। ਇਸ ਨੂੰ ਹੱਲ ਕਰਨ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਇੰਦਰਾ ਸਰਕਾਰ ਦੀ ਸੀ। ਪਰ ਉਸਨੇ ਇਸ ਨੂੰ ਹੱਲ ਕਰਨ ਦੀ ਬਜਾਇ ਇਸ ਨੂੰ ਲਮਕਾ ਲਮਕਾ ਕੇ ਖਤਰਨਾਕ ਹਾਲਤ ਤੱਕ ਪਹੁੰਚਾ ਦਿੱਤਾ। ਉਸਨੇ ਪੰਜਾਬ ਦੇ ਮਸਲੇ ਦਾ ਸਿਆਸੀ ਹੱਲ ਲੱਭਣ ਦੀ ਬਜਾਇ ਆਪਣੀ ਫੌਜੀ ਤਾਕਤ ਵਰਤ ਕੇ ਤੇ ਧਾਰਮਿਕ ਅਸਥਾਨਾਂ ਉਪਰ ਕਬਜ਼ਾ ਕਰਕੇ ਇਕ ਖਤਰਨਾਕ ਕਦਮ ਚੁਕਿਆ ਹੈ। ਅਜਿਹਾ ਕਰਕੇ ਉਸ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਅਪਮਾਨ ਕੀਤਾ ਹੈ। ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸਰਕਾਰ ਦੇ ਸਿੱਖਾਂ ਦੀਆਂ ਹੀ ਨਹੀਂ ਬਲਕਿ ਸਾਰੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਅਪਮਾਨ ਕੀਤਾ ਹੈ।

ਅਜਿਹਾ ਗੰਭੀਰ ਅਤੇ ਖਤਰਨਾਕ ਕਦਮ ਉਠਾ ਕੇ ਇੰਦਰਾ ਗਾਂਧੀ ਨੇ ਇਕ ਵਾਰੀ ਫਿਰ ਸਪਸ਼ਟ ਕਰ ਦਿਤਾ ਹੈ ਕਿ ਉਸਨੂੰ ਲੋਕਾਂ ਦੀਆਂ ਭਾਵਨਾਵਾਂ ਦੀ ਕੋਈ ਪ੍ਰਵਾਹ ਨਹੀਂ। ਉਸਨੇ ਆਪਦੇ ਸਿਆਸੀ ਮਕਸਦ ਨੂੰ ਹੱਲ ਕਰਨ ਲਈ ਕਦੇ ਭੀ ਇਕ ਗਰੁੱਪ ਤੋਂ ਦੂਸਰੇ ਨੂੰ ਕਤਲ ਕਰਵਾਉਣ ਤੋਂ ਸੰਕੋਚ ਨਹੀਂ ਕੀਤਾ — ਉਚੀਆਂ ਜਾਤਾਂ ਦੇ ਲੋਕਾਂ ਤੋਂ ਹਰੀਜਨਾਂ ਦੇ ਕਤਲ, ਅਸਾਮੀਆਂ ਤੋਂ ਬੰਗਾਲੀਆਂ ਦੇ ਕਤਲ, ਅਤੇ ਹਿੰਦੂਆਂ ਤੋਂ ਮੁਸਲਮਾਨਾਂ ਦੇ ਕਤਲ ਆਦਿ।

ਪੰਜਾਬ ਵਿਚ ਫੌਜ ਭੇਜਕੇ ਇੰਦਰਾ ਗਾਂਧੀ ਆਪਣੀਆਂ ਕੁਛ ਵੋਟਾਂ ਵਧਾਉਣ ਵਿਚ ਤਾਂ ਸ਼ਾਇਦ ਕਾਮਯਾਬ ਹੋ ਜਾਵੇ ਪਰ ਇਹ ਪੰਜਾਬ ਦੇ ਮਸਲੇ ਦਾ ਹੱਲ ਬਿਲਕੁਲ ਨਹੀਂ ਹੈ। ਸਗੋਂ ਅਜਿਹਾ ਕਰਨ ਨਾਲ ਕਿੰਨੇ ਹੀ ਹੋਰ ਮਸਲਿਆਂ ਦਾ ਮੁੱਢ ਬੱਝਿਆ ਹੈ। ਸਿੱਖਾਂ ਦੇ ਪਵਿਤਰ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਲਈ ਇੰਦਰਾ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ।

ਸਰਕਾਰ ਦੇ ਇਸ ਕਦਮ ਨਾਲ ਧਾਰਮਿਕ ਨਫਰਤ ਹੋਰ ਵਧ ਸਕਦੀ ਹੈ ਇਹ ਸੱਚ ਹੈ ਕਿ ਪਿਛਲੇ ਦੋ ਸਾਲਾਂ ਵਿਚ ਪੰਜਾਬ ਵਿਚ ਅਤਿਵਾਦੀਆਂ ਨੇ ਬੇਗੁਨਾਹ ਹਿੰਦੂਆਂ ਅਤੇ ਸਿੱਖਾਂ ਦੇ ਕਤਲ ਕੀਤੇ ਹਨ ਪਰ ਉਸਨੂੰ ਹਿੰਦੂ-ਸਿੱਖ ਫਸਾਦ ਕਹਿਣਾ ਸਰਾਸਰ ਗਲਤ ਹੋਵੇਗਾ। ਜੇਕਰ ਪੰਜਾਬ ਵਿਚ ਹਿੰਦੂ ਸਿੱਖ ਫਸਾਦ ਹੋਏ ਤਾਂ ਇਹ ਇੰਦਰਾ ਸਰਕਾਰ ਵਲੋਂ ਉਠਾਏ ਗਏ ਇਸ ਕਦਮ ਦਾ ਹੀ ਨਤੀਜਾ ਹੋਵੇਗਾ ਅਤੇ ਇਸਦੀ ਪੂਰੀ ਜ਼ਿੰਮੇਂਵਾਰੀ ਇੰਦਰਾ ਸਰਕਾਰ ਉਪਰ ਹੋਵੇਗੀ।

ਅਸੀਂ ਸਿਖ ਕਮਿਊਨਿਟੀ ਦਾ ਗੁੱਸਾ ਅੱਛੀ ਤਰਾਂ ਸਮਝਦੇ ਹਾਂ। ਇਸ ਦੁੱਖ ਅਤੇ ਗੁਸੇ ਦੇ ਸਮੇਂ ਵਿਚ ਅਸੀਂ ਕਮਿਊਨਿਟੀ ਦੇ ਨਾਲ ਹਾਂ। ਪਰ ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਕਿ ਇਹ ਗੁੱਸਾ ਹੋਰ ਧਰਮਾਂ ਦੇ ਲੋਕਾਂ ਵਿਰੁੱਧ ਨਹੀਂ ਵਰਤਿਆ ਜਾਣਾ ਚਾਹੀਦਾ। ਭਾਰਤ ਵਿਚ ਸਾਡੇ ਲੋਕਾਂ ਨੂੰ, ਧਰਮ ਦਾ ਭੇਦਭਾਵ ਛੱਡਕੇ, ਇੰਦਰਾ ਗਾਂਧੀ ਸਰਕਾਰ ਦੀ ਵਿਰੋਧਤਾ ਕਰਨ ਲਈ ਇਕਮੁਠ ਹੋਣ ਦੀ ਜ਼ਰੂਰਤ ਹੈ। ਇਥੇ ਸਾਡੀ ਕਮਿਊਨਿਟੀ ਨੂੰ, ਧਰਮ ਦਾ ਭੇਦ ਭਾਵ ਛੱਡਕੇ, ਨਸਲਵਾਦ ਅਤੇ ਵਿਤਕਰੇ ਵਿਰੁਧ ਇਕਮੁਠ ਹੋਣ ਦੀ ਜ਼ਰੂਰਤ ਹੈ। ਸਾਨੂੰ ਸਾਰਿਆਂ ਨੂੰ ਪੰਜਾਬ ਵਿਚ ਫਿਰਕੂ ਏਕਤਾ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਇੰਦਰਾ ਸਰਕਾਰ ਨੇ ਲੋਕਾਂ ਦੀਆਂ ਫਿਰਕੂ ਭਾਵਨਾਵਾਂ ਭੜਕਾਉਣ ਲਈ ਇਕ ਬਹੁਤ ਹੀ ਖਤਰਨਾਕ ਕਦਮ ਉਠਾਇਆ ਹੈ। ਪਰ ਅਸੀਂ ਲੋਕਾਂ ਨੂੰ ਨਾ ਭੜਕਣ ਦੀ ਅਪੀਲ ਕਰਦੇ ਹਾਂ। ਪਹਿਲਾਂ ਹੀ ਸੈਂਕੜੇ ਬੇ-ਗੁਨਾਹ ਲੋਕ ਮਾਰੇ ਜਾ ਚੁੱਕੇ ਹਨ। ਸਾਨੂੰ 1947 ਦੀਆਂ ਯਾਦਾਂ ਅਜੇ ਭੁਲੀਆਂ ਨਹੀਂ। ਸਾਨੂੰ ਪੰਜਾਬ ਦੇ ਹਾਲਾਤ ਨੂੰ 1947 ਵਰਗਾ ਬਨਣ ਤੋਂ ਰੋਕਣਾ ਚਾਹੀਦਾ ਹੈ।

ਸਰਕਾਰ ਵਲੋਂ ਹਰਿਮੰਦਰ ਸਾਹਿਬ ਵਿਚ ਫੌਜ ਭੇਜਕੇ ਚੁਕੇ ਗਏ ਗਲਤ ਕਦਮ ਅਤੇ ਸੈਂਕੜੇ ਲੋਕਾਂ ਦੇ ਕਤਲੇਆਮ ਨੂੰ ਦੇਖਦਿਆਂ ਹੋਇਆਂ ਸਾਰੇ ਭਾਰਤੀਆਂ ਨੂੰ ਸਰਕਾਰ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇੰਦਰਾ ਗਾਂਧੀ ਤੇ ਉਸਦੀ ਸਰਕਾਰ ਤੋਂ ਅਸਤੀਫੇ ਦੀ ਮੰਗ ਕਰਨੀ ਚਾਹੀਦੀ ਹੈ।

---

ਇਸ਼ਕ ਹੈ ਇਸ ਕਬਰ ਦਾ ਨਾਂ ਓਸ ਨੂੰ ਪੁੱਛੋ ਕਦੇ
ਜਿਸ ਨੇ ਫੂਕਾਂ ਮਾਰ ਕੇ ਬਾਲੀ ਏ ਆਪ ਅਪਣੀ ਚਿਖ਼ਾ

# ਸ੍ਰੀ ਜਗਦੀਸ਼ ਸ਼ਰਮਾ ਨਵੇਂ ਕੌਂਸਲ ਜਨਰਲ

ਵੈਨਕੂਵਰ — ਸ੍ਰੀ ਜਗਦੀਸ਼ ਸ਼ਰਮਾ ਭਾਰਤ ਸਰਕਾਰ ਵਲੋਂ ਨਵੇਂ ਕੌਂਸਲ ਜਨਰਲ ਵੈਨਕੂਵਰ ਵਿਚ ਨੀਯਤ ਕੀਤੇ ਗਏ ਹਨ ਅਤੇ ਉਨ੍ਹਾਂ ਨੇ 7 ਜੂਨ 1984 ਨੂੰ ਆਪਣਾ ਨਵਾਂ ਅਹੁਦਾ ਸੰਭਲਾ ਲਿਆ ਹੈ।

ਸ੍ਰੀ ਸ਼ਰਮਾ ਇਸ ਤੋਂ ਪਹਿਲਾਂ ਕੰਪੂਚੀਆ ਵਿਚ ਵੀ ਡਿਪਲੋਮੇਟ ਦੇ ਨਾਤੇ ਰਹਿ ਚੁਕੇ ਹਨ। ਸ੍ਰੀ ਸ਼ਰਮਾ ਨੇ ਗੁਰਿੰਦਰ ਸਿੰਘ ਐਕਟਿੰਗ ਕੌਂਸਲ ਜਨਰਲ ਤੋਂ ਚਾਰਜ ਲੈ ਲਿਆ ਹੈ। ਸ੍ਰੀ ਗੁਰਿੰਦਰ ਸਿੰਘ ਵੈਨਕੂਵਰ ਕੌਂਸਲੇਟ ਵਿਚ ਕੌਂਸਲਰ ਨੀਯਤ ਹੋ ਕੇ ਆਏ ਸਨ ਪਰ ਸ੍ਰੀ ਬਿਮਲ ਮਿੱਤਰਾ ਦੇ ਰੀਟਾਇਰ ਹੋਣ ਪਿਛੋਂ ਐਕਟਿੰਗ ਕੌਂਸਲ ਜਨਰਲ ਕੰਮ ਕਰ ਰਹੇ ਸਨ।

# ਇੰਟਰਨੈਸ਼ਨਲ ਅਕਾਲੀ ਦਲ ਦੀ ਸਥਾਪਨਾ ਹੋ ਗਈ




## ਕਲਪਨਾ

ਹਰ ਸੁਹਣੀ ਕਲਪਨਾ, ਹਰ ਸੁਹਣੀ ਰੀਝ, ਹਰ ਸੁਹਣਾ ਸੁਪਨਾ ਵਿਸ਼ਵ ਵਿਕਾਸ ਦ। ਆਪਣੀ ਧੜਕਣ ਹੈ। ਹਰ ਮੰਦੀ ਕਲਪਨਾ, ਹਰ ਮੰਦੀ ਰੀਝ, ਹਰ ਮੰਦਾ ਸੁਪਨਾ ਵਿਸ਼ਵ ਦੇ ਵਿਕਾਸ ਦੇ ਖੰਭਾਂ ਨਾਲ ਉਡਣ ਲਈ ਵੰਗਾਰ ਹੈ। ਉਡਾਰੂ ਖੰਭ ਜਿਉਂ ਜਿਉਂ ਉਤਾਂਹ ਚੜ੍ਹਦੇ ਜਾਣਗੇ. ਆਕਾਸ਼ ਦੀਆਂ ਉਚਾਈਆਂ ਵਿਚ ਬੁਰਾਈ ਦੀਆਂ ਰੜਕਾਂ ਏਨੀਆਂ ਸੂਖਮ ਹੋ ਜਾਣਗੀਆਂ ਕਿ ਪਛਾਣ ਔਖੀ ਹੋ ਜਾਏਗੀ।

-ਗੁਰਬਖਸ਼ ਸਿੰਘ

# ਸੀ. ਟੀ. ਵੀ. ਤੇ ਹੋਰ ਟੀ. ਵੀ. ਚੈਨਲਾਂ ਨੇ ਪੰਜਾਬ ਬਾਰੇ ਫਿਲਮ ਦਿਖਾਈ

ਵੈਨਕੂਵਰ — ਸੀ. ਟੀ. ਵੀ., ਸੀ. ਬੀ. ਸੀ. ਅਤੇ ਹੋਰ ਕਈ ਚੈਨਲਾਂ ਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਕੰਪਲੈਕਸ ਬਾਰੇ ਇਕ ਫਿਲਮ ਦਿਖਾਈ ਗਈ ਜਿਸ ਵਿਚ ਕੰਪਲੈਕਸ ਵਿਚੋਂ ਫੜੇ ਗਏ ਹਥਿਆਰ, ਸੋਨੇ ਦੇ ਗਹਿਣੇ ਅਤੇ ਲੱਖਾਂ ਰੁਪਏ ਦੇ ਨੋਟ ਦਿਖਾਏ ਗਏ। ਸ੍ਰੀ ਹਰਿਮੰਦਰ ਸਾਹਿਕ ਵਿਚ ਹੁੰਦਾ ਕੀਰਤਨ ਵੀ ਦਿਖਾਇਆ ਗਿਆ।

ਭਾਰਤ ਵਿਚੋਂ ਐਸੋਸੀਏਟਿਡ ਪ੍ਰੈਸ ਏਜੰਸੀ ਨੇ ਖਬਰ ਦਿਤੀ ਹੈ ਕਿ ਫੌਜ ਨੇ ਸ੍ਰੀ ਅਕਾਲ ਤਖਤ ਸਾਹਿਕ ਦੇ ਤਹਿਖਾਨੇ ਵਿਚੋਂ ਜਿਥੋਂ ਭਿੰਡਰਾਂਵਾਲਾ ਜਥੇ ਨੇ ਫੌਜ ਦਾ ਮੁਕਾਬਲਾ ਕੀਤਾ ਉਥੋਂ ਕਾਫੀ ਮਾਤਰਾ ਵਿਚ ਸੋਨਾ, ਸੋਨੇ ਦੇ ਗਹਿਣੇ ਅਤੇ ਪੰਜਾਹ ਲੱਖ ਰੁਪਏ ਦੇ ਲਗਪਗ ਨੋਟ ਫੜੇ ਹਨ।

---

ੴ ਸਤਿਗੁਰ ਪ੍ਰਸਾਦਿ

11 ਜੂਨ 1984 ਨੂੰ U.N.O. ਨਿਊਯੋਰਕ U.S.A. ਦੇ ਦਫਤਰ ਸਾਹਮਣੇ ਸੰਸਾਰ ਭਰ ਦੇ ਸਿੱਖ ਜਗਤ ਦੀਆਂ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਹਿੰਦੁਸਤਾਨ ਗੌਵਰਨਮਿੰਨ ਵਲੋਂ ਫੌਜੀ ਹਮਲੇ ਅਤੇ ਪੰਜਾਬ ਭਰ ਵਿਚ ਹੋ ਰਹੇ ਕਤਲੇਆਮ ਦੇ ਵਿਰੁਧ ਜ਼ੋਰਦਾਰ ਮੁਜ਼ਾਹਰਾ ਕੀਤਾ। ਜਿਸ ਦੀ ਗਿਣਤੀ 2500 ਤੋਂ 3000 ਸੀ। ਜਿਨ੍ਹਾਂ ਵਿਚ ਅਮਰੀਕਨ ਗੋਰੇ ਸਿੰਘ ਵੀ ਸ਼ਾਮਲ ਸਨ। ਸ੍ਰ: ਦੀਦਾਰ ਸਿੰਘ ਬੈਂਸ ਦੀ ਅਗਵਾਈ ਹੇਠ ਇਕ ਡੈਲੀਗੇਸ਼ਨ U.N.O. ਦੇ ਪ੍ਰਤੀਨਿਧਾਂ ਨੂੰ ਮਿਲਿਆ। ਵਿਚਾਰ ਵਿਟਾਂਦਰੇ ਸਮੇਂ ਕਾਨੂੰਨੀ ਨੁਕਤਿਆਂ ਤੇ ਵੀ ਵੀਚਾਰ ਹੋਈ ਅਤੇ ਇਸ ਨਤੀਜੇ ਤੇ ਪਹੁੰਚੇ ਕਿ ਪਹਿਲਾਂ ਸਿੱਖ ਜਗਤ ਦੀਆਂ ਸਾਰੀਆਂ ਸੰਸਥਾਵਾਂ ਦੀ ਇਕ ਇੰਟਰਨੈਸ਼ਨਲ ਸੰਸਥਾ ਕਾਇਮ ਕੀਤੀ ਜਾਵੇ।

ਰੋਸ ਮੁਜ਼ਾਹਰੇ ਤੋਂ ਉਪਰੰਤ ਸ਼ਾਮ ਨੂੰ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿਲ ਨਿਊਯੋਰਕ ਵਿਖੇ ਮੀਟਿੰਗ ਹੋਈ ਜਿਸ ਵਿਚ ਸਰਬਸੰਮਤੀ ਨਾਲ ਲੋੜੀਂਦੀ ਇਕ ਇੰਟਰਨੈਸ਼ਨਲ ਸੰਸਥਾ ਕਾਇਮ ਕੀਤੀ ਗਈ ਜਿਸਦਾ ਨਾਮ ਇੰਟਰਨੈਸ਼ਨਲ ਅਕਾਲੀ ਦਲ ਰਖਿਆ ਗਿਆ ਅਤੇ ਨਾਲ ਹੀ ਇਕ AD HOC ਕਮੇਟੀ ਬਣਾਈ ਗਈ ਜਿਸਦੇ ਪ੍ਰਧਾਨ ਸ: ਦੀਦਾਰ ਸਿੰਘ ਬੈਂਸ ਥਾਪੇ ਗਏ। ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ :-

1. ਖਾਲਿਸਤਾਨ ਕਾਇਮ ਕਰਨਾ
2. ਇੰਟਰਨੈਸ਼ਨਲ ਅਕਾਲੀ ਦਲ ਹੇਠ ਲਿਖੀਆਂ ਸੰਸਥਾਵਾਂ ਨੂੰ ਛੇਤੀ ਤੋਂ ਛੇਤੀ ਮਿਲੇ ਅਤੇ ਪੰਜਾਬ ਵਿਚ ਹੋ ਰਹੇ ਕਤਲੇਆਮ ਨੂੰ ਰੋਕਣ ਦਾ ਯਤਨ ਕਰਾਏ।
   - U.N.O.
   - ਰੈਡ ਕਰੋਸ ਇੰਟਰਨੈਸ਼ਨਲ
   - ਹਿਊਮਨ ਰਾਈਟਸ ਇੰਟਰਨੈਸ਼ਨਲ
   - ਇੰਟਰਨੈਸ਼ਨਲ ਐਮੁਨੈਸਟੀ
   - ਕੋਮਨਵੈਲਥ Pope Johan Paul II
   - ਇਮਾਮ ਔਫ ਇਸਲਾਮ ਮੱਕਾ
3. ਨਿਊਜ਼ ਮੀਡੀਏ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ
4. ਸਿੱਖ ਜਗਤ ਦੇ ਖਿਲਾਫ ਹੋ ਰਹੀਆਂ ਗਲਤ ਅਫਵਾਹਾਂ ਨੂੰ ਬੰਦ ਕਰਾਇਆ ਜਾਵੇ।

# ਖੱਟਣ ਗਏ ਪਰਦੇਸ

ਮਹਿੰਦਰ ਸੁਮਲ 'ਖੱਟਣ ਗਏ ਪਰਦੇਸ' ਲੋਕ-ਬੋਲੀਆਂ ਦੀ ਪੁਸਤਕ ਸੰਪਾਦਿਤ ਕਰ ਰਹੇ ਹਨ। ਜਿਹੜੀ ਕਿ ਭੰਗੜੇ ਦੀਆਂ ਤਸਵੀਰਾਂ, ਲੋਕ-ਬੋਲੀਆਂ ਅਤੇ ਕੈਨੇਡਾ ਵਿਚ ਭੰਗੜੇ ਦੇ ਇਤਿਹਾਸ ਨਾਲ ਸਬੰਧਤ ਹੋਵੇਗੀ। ਇਸ ਵਿਚ ਪੰਜਾਬ ਕਲਚਰਲ ਐਸੋਸੀ[illegible]ਸ਼ਨ ਸਰੀ ਇੰਡੀਆ ਆਰਟਸ ਕਲੱਬ ਅਤੇ ਕੈਲਗਰੀ ਭੰਗੜਾ ਕਲੱਬ ਸਹਿਯੋਗੀ ਹੋਣਗੀਆਂ।

ਇਨ੍ਹਾਂ ਕਲੱਬਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਭੰਗੜੇ ਦੀਆਂ ਟੀਮਾਂ ਦੀਆਂ ਵਧੀਆ ਤਸਵੀਰਾਂ ਸ੍ਰੀ ਮਹਿੰਦਰ ਸੁਮਲ ਤੱਕ ਪਹੁੰਚਦੀਆਂ ਕਰ ਦੇਣ।

ਹੋਰ ਜਾਣਕਾਰੀ ਲਈ ਫੋਨ ਕਰੋ :—

327-6461

ਪ੍ਰਕਾਸ਼ਕ :
ਏਸ਼ੀਆ ਬੁੱਕ ਕੰਪਨੀ
P.O.BOX 67344 STN. 'O'
VANCOUVER, B.C.

NON-SMOKERS & SMOKERS



TOGETHER WE ARE STRONGER



NORTH AMERICAN LIFE

Permanent & Terms Plan

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335

SUDESH KALIA



Real Plumbing & Electrical Supply

7211 Main St.(at 56th Ave.)
VANCOUVER, B.C. V5X 3J3




- ਸੇਲਜ ਐਂਡ ਸਰਵਿਸ
- ਪਲਬਿੰਗ
- ਹੀਟਿੰਗ
- ਬਿਜਲੀ ਵਾਲੇ ਗਰਮ ਪਾਣੀ ਵਾਲੇ ਟੈਂਕ
- ਸਰਮਿਕ ਟਾਈਲਜ ਇਨਸਟਾਲੇਸ਼ਨ



Do-It- Yourself

- ਅਸੀਂ ਫਰਿਜ਼ ਤੇ ਸਟੋਵ ਵੀ ਮੁਰੰਮਤ ਕਰਦੇ ਹਾਂ

Satwinder Reehal ਸਤਵਿੰਦਰ ਰੀਹਲ

Ph. 324 - 7066

# ਵਿਨੀਪੈਗ ਦੇ ਸਿੱਖਾਂ ਦਾ ਰੋਸ ਪ੍ਰਦਰਸ਼ਨ

9 ਜੂਨ 1984 ਵਾਲੇ ਦਿਨ ਮੈਨੀਟੋਬਾ ਦੇ ਸਿੱਖਾਂ ਨੇ ਭਾਰਤ ਸਰਕਾਰ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਕੀਤੇ ਗਏ ਹੱਤਿਆ ਕਾਂਡ ਅਤੇ ਸ੍ਰੀ ਦਰਬਾਰ ਸਾਹਿਬ ਦੀ ਘੋਰ ਬੇਅਦਬੀ ਦੇ ਵਿਰੁੱਧ ਆਪਣਾ ਰੋਸ ਪ੍ਰਗਟਾਵਾ ਕੀਤਾ।

ਰੋਸ ਪ੍ਰਦਰਸ਼ਨ ਕਰਨ ਦਾ ਵਿਚਾਰ ਸਥਾਨਿਕ ਅਕਾਲੀ ਦਲ ਅਤੇ ਖਾਲਸਾ ਦੀਵਾਨ ਸੁਸਾਇਟੀ ਵਿਨੀਪੈਗ ਨਾਲ ਸਬੰਧਤ ਅੰਮ੍ਰਿਤਧਾਰੀ ਸਿੰਘਾਂ ਦੇ ਮਨ ਵਿਚ ਪੈਦਾ ਹੋਇਆ। ਪਰ ਇਹਨਾਂ ਗੁਰਸਿੱਖਾਂ ਆਪਣੀ ਸਦਭਾਵਨਾ ਅਤੇ ਸਿਆਣਪ ਦਾ ਸਬੂਤ ਦਿੰਦੇ ਹੋਏ ਪ੍ਰਦਰਸ਼ਨ ਨੂੰ ਮੈਨੀਟੋਬਾ ਦੇ ਸਮੁਚੇ ਸਿੱਖਾਂ ਦੇ ਮੁਜ਼ਾਹਰੇ ਦਾ ਰੂਪ ਦੇਣ ਦਾ ਨਿਰਣਾ ਕੀਤਾ। ਇਸ ਦਾ ਸਿੱਟਾ ਇਹ ਹੋਇਆ ਕਿ ਵਿਨੀਪੈਗ ਦੀਆਂ ਲੱਗਭਗ ਸਭ ਸਿੱਖ ਸੰਸਥਾਵਾਂ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਨੇ ਇਸ ਵਿਚ ਭਾਗ ਲਿਆ।

9 ਜੂਨ ਸ਼ਨਿਚਰਵਾਰ ਵਾਲੇ ਦਿਨ ਮੌਸਮ ਠੀਕ ਨਹੀਂ ਸੀ, ਫੇਰ ਵੀ ਸਾਢੇ ਨੌਂ ਵਜੇ ਸਵੇਰੇ ਵਿਨੀਪੈਗ ਦੇ ਸਿਖ ਲੈਜਿਸਲੇਟਵ ਬਿਲਡਿੰਗ ਦੇ ਸਾਹਮਣੇ ਪਾਰਕ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਸਾਢੇ ਦਸ ਵਜੇ, ਰੋਸ ਪ੍ਰਦਰਸ਼ਨ ਨੇ ਜਲੂਸ ਦਾ ਰੂਪ ਧਾਰਨ ਕਰ ਆਪਣੇ ਸ਼ੋਕ ਦੇ ਪ੍ਰਗਟਾਵੇ ਦਾ ਆਰੰਭ ਕੀਤਾ। ਜਲੂਸ ਲੈਜਿਸਲੇਟਿਵ ਬਿਲਡਿੰਗ ਦੇ ਦੁਆਲੇ ਸੜਕ ਉਪਰ ਘੁੰਮਦਾ ਰਿਹਾ।

ਜਲੂਸ ਦੇ ਸਮੇਂ ਭਾਸ਼ਨ ਦੇਣ ਵਾਲਿਆਂ ਵਿਚੋਂ ਸ: ਕੁਲਦੀਪ ਸਿੰਘ ਖਾਲਸਾ (Chief Organizer), ਸ: ਮੁਹਿੰਦਰ ਸਿੰਘ ਖਾਲਸਾ, ਗਿਆਨੀ ਕੇਵਲ ਸਿੰਘ ਖਾਲਸਾ, ਸ: ਜੁਗਿੰਦਰ ਸਿੰਘ ਖਾਲਸਾ ਦੇ ਨਾਮ ਵਰਨਣਯੋਗ ਹਨ। ਰੋਸ ਪ੍ਰਦਰਸ਼ਨ ਵਿਚ ਬੀਬੀਆਂ ਨੇ ਵੀ ਪੂਰਾ ਹਿਸਾ ਪਾਇਆ। ਬੀਬੀ ਗੁਰਦੀਪ ਕੌਰ (ਸੁਪਤਨੀ ਸ: ਬਿਕਰਮ ਸਿੰਘ ਖਾਲਸਾ), ਬੀਬੀ ਅਮਰਜੀਤ ਕੌਰ(ਸੁਪਤਨੀ ਸ: ਅਵਤਾਰ ਸਿੰਘ), ਅਤੇ ਬੀਬੀ ਅਜੀਤ ਕੌਰ (ਸੁਪਤਨੀ ਸ: ਉਦੇਪਾਲ ਸਿੰਘ) ਨੇ ਵੀ, ਪ੍ਰਦਰਸ਼ਕਾਂ ਨੂੰ ਸੰਬੋਧਤ ਕਰਦੇ ਹੋਏ ਆਪਣੇ ਦੁੱਖੀ-ਹਿਰਦਿਆਂ ਦੇ ਭਾਵਾਂ ਦਾ ਪ੍ਰਗਟਾਵਾ ਕੀਤਾ। ਕੁਝ ਬੱਚਿਆਂ ਅਤੇ ਬੀਬੀਆਂ ਨੇ ਇੰਦਰਾ ਗਾਂਧੀ ਦੇ ਕਾਲੇ ਪੁਤਲੇ ਨੂੰ ਸੜਕ ਉਪਰ ਲਿਟਾ ਕੇ ਉਸ ਦੀ ਡੰਡਿਆਂ ਅਤੇ ਚਪਲਾਂ ਨਾਲ ਮੁਰੰਮਤ ਕੀਤੀ।

ਪ੍ਰਦਰਸ਼ਕਾਂ ਦੇ ਹੱਥਾਂ ਵਿਚ ਫੜੇ ਹੋਏ ਪਲੈਕਾਰਡ ਇਸ ਤਰਾਂ ਪੜ੍ਹੇ ਜਾ ਸਕਦੇ ਸਨ:

1. The Khalsa Shall Rule
2. Long live Sant Bhindranwala!
3. We want peace in Punajb
4. Pull the Army out of Punjab
5. Indira Gandhi is a murderess
6. Indira, the blood sucker
7. Indira widow, Indira Witch (ਡੈਣ)
8. We are Sikhs, not Hindus
9. Sikhs and Moslems are victims of India Government
10. Save the minorities in India
11. We will continue our fight, until we get our rights

ਕੁਝ ਪ੍ਰਦਰਸ਼ਕਾਂ ਦੇ ਹੱਥਾਂ ਵਿਚ ਪਲੈਕਾਰਡ ਦੇ ਰੂਪ ਵਿਚ ਸੰਤ ਜਰਨੈਲ ਸਿੰਘ ਦੇ ਫੋਟੋ ਫੜੇ ਹੋਏ ਸਨ।

ਮੁਜ਼ਾਹਰਾ ਕਰਨ ਵਾਲੇ ਸਿੱਖ ਥੱਲੇ ਅੰਕਿਤ ਨਾਹਰੇ ਲਾ ਰਹੇ ਸਨ :

1. ਸੰਤ ਭਿੰਡਰਾਂਵਾਲਾ ਜਿੰਦਾਬਾਦ
2. ਇੰਦਰਾ ਗਾਂਧੀ ਮੁਰਦਾਬਾਦ
3. ਖਾਲਿਸਤਾਨ ਜਿੰਦਾਬਾਦ
4. ਅਸੀਂ ਆਪਣੇ ਹੱਕਾਂ ਲਈ ਲੜਦੇ ਰਹਾਂਗੇ
5. ਅਸੀਂ ਇਸ ਘੱਲੂਘਾਰੇ ਨੂੰ ਕਦੇ ਨਹੀਂ ਭੁੱਲਾਂਗੇ
6. ਕੌਮ ਦੇ ਗਦਾਰ ਸੋਧੇ ਜਾਣਗੇ

ਰੋਸ ਪ੍ਰਦਰਸ਼ਨ ਦੇ ਅੰਤ ਤੇ ਡਾਕਟਰ ਨਿਰਮਲ ਸਿੰਘ ਗੇਹਲ ਅਤੇ ਬੀਬੀ ਅਜੀਤ ਕੌਰ ਨੇ ਅੰਗਰੇਜ਼ੀ ਵਿਚ ਲੈਕਚਰ ਦਿੱਤੇ। ਇਸ ਤੋਂ ਪਿਛੋਂ ਇੰਦਰਾ ਗਾਂਧੀ ਦੇ ਪੁਤਲੇ ਅਤੇ ਭਾਰਤ ਦੇ ਤਰੰਗੇ ਝੰਡੇ ਨੂੰ ਅਗਨ ਭੇਟ ਕਰ, ਸਸਕਾਰ ਦੀ ਰਸਮ ਪੂਰੀ ਕੀਤੀ ਗਈ।

ਸ: ਕੁਲਦੀਪ ਸਿੰਘ ਖਾਲਸਾ(ਸਕੱਤਰ ਸਥਾਨਿਕ ਅਕਾਲੀ ਦਲ), ਗਿਆਨੀ ਕੇਵਲ ਸਿੰਘ ਖਾਲਸਾ(ਪ੍ਰਧਾਨ ਅਕਾਲੀ ਦਲ), ਸ: ਗਿਆਨ ਸਿੰਘ ਖਾਲਸਾ, ਸ: ਬਿਕਰਮ ਸਿੰਘ ਖਾਲਸਾ ਅਤੇ ਸ: ਜੋਗਿੰਦਰ ਸਿੰਘ ਖਾਲਸਾ, ਇਸ ਰੋਸ ਪ੍ਰਦਰਸ਼ਨ ਦੇ ਮੁੱਖ ਪ੍ਰਬੰਧਕ ਸਨ, ਜਿਨ੍ਹਾਂ ਸਾਰੇ ਪ੍ਰੋਗਰਾਮ ਨੂੰ ਬੜੀ ਯੋਗਤਾ ਨਾਲ ਨਿਭਾਇਆ। ਇਕ ਦਰਜਨ ਦੇ ਵੀਰਾਂ ਅਤੇ ਬੀਬੀਆਂ ਨੇ ਪ੍ਰਬੰਧਕਾਂ ਨੂੰ ਆਪਣੀਆਂ ਸੇਵਾਵਾਂ ਦੇ ਕੇ, ਰੋਸ ਪ੍ਰਦਰਸ਼ਨ ਨੂੰ ਸਫਲ ਬਣਾਇਆ

ਰੋਸ ਪ੍ਰਦਰਸ਼ਨ ਬੜੇ ਸਾਂਤੀਪੂਰਨ ਢੰਗ ਨਾਲ ਡੇਢ ਵਜੇ ਦੁਪਹਿਰ ਸਮਾਪਤ ਹੋਇਆ। ਘੱਟ ਸਮਾਂ ਹੋਣ ਕਾਰਨ ਬਹੁਤ ਸਾਰੇ ਵਿਅਕਤੀਆਂ ਨੂੰ ਸੂਚਨਾ ਨਾ ਮਿਲ ਸਕੀ, ਅਤੇ ਉਸ ਦਿਨ ਮੌਸਮ ਵੀ ਠੀਕ ਨਹੀਂ ਸੀ। ਪਰ ਫੇਰ ਵੀ 450 ਦੇ ਨੇੜ ਵਿਅਕਤੀਆਂ ਨੇ ਰੋਸ ਪ੍ਰਦਰਸ਼ਨ ਵਿਚ ਭਾਗ ਲਿਆ।

# ਨਕੋਈ ਵਲੋਂ ਵਹਿਸ਼ੀ ਕਤਲਾਂ ਵਿਰੁੱਧ ਪ੍ਰਧਾਨ ਮੰਤਰੀ ਨੂੰ ਚਿੱਠੀ

Regd. No. 15.253
Nacoi, B.C. Chapter
National Association of Canadians of origins in Canada
101 - 8286 St. George St. Vancouver, B.C. V5X 2S5
324-3545

Prime Minister Indira Gandhi
New Delhi, India

National Association of Canadians of Origins in India, B.C. Chapter expresses shock and distress at the turn of events following the attack on the Golden Temple by the Indian Army resulting in the desecration of the temple and brutal killing of hundreds of people. We urge you to use your high office to work out just political solution to restore peace and normalcy in Panjab.

# ਰਾਜ ਦਰਬਾਰ ਦੇ ਕੰਨ

ਜਿੰਨਾ ਸਿੱਕਾ
ਧਰਤੀ ਮਾਂ ਦੀਆਂ
ਕੁਖਾਂ ਵਿਚੋਂ ਮਿਲਦਾ ਹੈ
ਸਾਰਾ, ਸਿੱਧਾ, ਰਾਜ ਦਰਬਾਰ ਦੇ
ਕੰਨਾਂ ਵਿਚ ਜਾ ਪੈਂਦਾ ਹੈ
ਭਾਂਬੜ ਬਾਲੋ
ਸਿੱਕਾ ਪਿਘਲੇ
ਰਾਜ ਦਰਬਾਰ ਦੇ ਕੰਨ ਖੁਲ੍ਹਣ।

ਸੰਤੋਖ ਸਿੰਘ ਧੀਰ

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO
CONTACT:

PAUL'S



PLUMBING & ELECTRICAL SUPPLY
4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS



# ਪਰਉਪਕਾਰ

### ਇਕਬਾਲ ਦੀਪ

ਜਦੋਂ ਦੇ ਘਰ ਇਸ ਧਰਤੀ ਤੇ ਹੋਂਦ ਵਿਚ ਆਏ ਹਨ, ਆਪੋ ਵਿਚ ਖਹਿੰਦੇ ਹੀ ਰਹੇ ਹਨ। ਪਤਾ ਨਹੀਂ ਛੱਤਾਂ ਕਸੂਰਵਾਰ ਰਹੀਆਂ ਹਨ, ਕਧਾਂ ਜਾਂ ਫਿਰ ਕਮਰੇ। ਬਸ ਅਨਾ ਹੀ ਕਿਹਾ ਜਾ ਸਕਦੈ ਕਿ ਘਰ ਟਕਰਾ ਜਾਂਦੇ ਰਹੇ ਹਨ। ਕਦੇ ਆਂਢ ਗੁਆਂਢ ਤੇ ਕਦੇ ਦੂਰ ਦਰਾਜ਼ ਜਾ ਕੇ। ਕਦੇ ਕੰਧਾਂ ਭੇੜ ਦਾ ਸ਼ਿਕਾਰ ਹੋ ਜਾਂਦੀਆਂ, ਕਦੇ ਛੱਤਾਂ। ਇਕ ਧਿਰ ਨੇ ਤਾਂ ਟੁੱਟਣਾ ਹੀ ਹੁੰਦਾ ਹੈ।

ਵੱਡੇ ਸਾਰੇ ਇਸ ਘਰ ਨੂੰ ਵਸਦਿਆਂ ਦੇਖਕੇ ਕਦੇ ਬਾਹਰੋ ਆਏ ਮਹਿਮਾਨ ਨੇ ਕਿਹਾ ਸੀ, "ਉਂਜ ਰੱਬ ਨਾਂ ਦੀ ਕੋਈ ਸ਼ੈਅ ਤਾਂ ਹੈ ਨਹੀਂ ਪਰ ਇਸ ਘਰ ਦਾ ਤੋਰਾ ਤੁਰਦਿਆਂ ਦੇਖ ਕੇ ਯਕੀਨ ਜਿਹਾ ਆ ਜਾਂਦੈ।"

ਬਜਾਇ ਇਸ ਗੱਲ ਦੇ ਕਿ ਘਰ ਨੂੰ ਕੋਈ ਝੋਰਾ ਹੁੰਦਾ ਜਾਂ ਸ਼ਰਮਿੰਦਗੀ, ਇਹ ਨੂੰ ਤਾਂ ਇਹ ਗੱਲ ਨਸ਼ਰ ਕਰਨ 'ਚੋ ਵੀ ਖੁਸ਼ੀ ਲੱਭਦੀ ਰਹੀ ਹੈ।

ਘਰ ਦੇ ਇਕ ਕੋਨੇ 'ਚੋ ਪਹਿਲਾਂ ਹੀ ਅਗ ਦੀਆਂ ਲਾਟਾਂ ਉੱਠ ਰਹੀਆਂ ਸਨ। ਅੱਗ ਬੁਝਾਇਆਂ ਨਾ ਸੀ ਬੁੱਝਦੀ। ਹੁਣ ਘਰ ਦੀ ਦੂਜੀ ਕੰਨੀਂ ਵੀ ਝੁਲਸਣ ਲਗ ਪਈ। ਘਰ ਦੀਆਂ ਕੰਧਾਂ ਇਕ ਦੂਜੇ ਨੂੰ ਮੁਆਤਾ ਲਾਉਣ ਤੇ ਤੁਲੀਆਂ ਪਈਆਂ ਸਨ। ਹੋਰ ਤਾਂ ਹੋਰ ਵੱਡੇ ਸਾਰੇ ਘਰ ਦੇ ਕਮਰੇ ਵੀ ਇਕ ਦੂਜੇ ਨਾਲ ਤਿੰਨ-ਪੰਜ ਹੋਣ ਨੂੰ ਫਿਰਦੇ ਸਨ। ਚਾਰੇ ਬੰਨੇ ਹਾਹਾਕਾਰ ਮਚੀ ਪਈ ਸੀ। ਛੱਤ ਡਾਹਢੀ ਫਿਕਰਮੰਦੀ ਦੀ ਹਾਲਤ 'ਚ ਕੰਧਾਂ ਨੂੰ ਘੂਰਦੀ ਤੇ ਬਸ ਘੂਰਦੀ। ਤੇ ਕੰਧਾਂ ਸਨ ਕਿ...। ਗੁਆਂਢੀ ਘਰ ਬਾਘੀਆਂ ਪਾ ਰਹੇ ਸਨ। ਉਨ੍ਹਾਂ ਦੀ ਚੜ੍ਹ ਮਚੀ ਪਈ ਸੀ। ਉਹ ਤਾਂ ਇਸ ਵੱਡੇ ਘਰ ਦੇ ਢਹਿ ਢੇਰੀ ਹੋ ਜਾਣ ਲਈ ਮੰਨਤਾਂ ਮੰਨਦੇ ਆ ਰਹੇ ਸਨ।

ਦੂਰ ਪਰ੍ਹਾਂ ਪੂਰਬ ਵਲ ਦੀ ਇਕ ਵੱਖੀ ਵਾਲੇ ਪਾਸੇ ਦੇ ਘਰ ਵੀ ਆਪਸ 'ਚ ਉਲਝੇ ਪਏ ਸਨ। ਕਈ ਘਰ ਉਨ੍ਹਾਂ ਨੂੰ ਵੀ ਲੜਾ ਰਹੇ ਸਨ। ਇਸ ਵੱਡੇ ਘਰ ਦੀ ਛੱਤ ਨੂੰ ਉਨ੍ਹਾਂ ਪੂਰਬ ਵਾਲੇ ਦੂਰ ਦਿਆਂ ਘਰਾਂ ਵਿਚਲੇ ਝਗੜੇ ਲਈ ਉਤਨਾ ਹੀ ਫਿਕਰ ਸੀ। ਸੋ ਉਹ ਨੂੰ ਉਹ ਝਗੜਾ ਨਿਪਟਾਉਣ ਲਈ ਜਾਣਾ ਪੈ ਰਿਹਾ ਸੀ।

ਵੱਡੇ ਘਰ ਦੇ ਅੰਦਰ ਅੱਗ ਦੀਆਂ ਲਾਟਾਂ ਹਾਲੇ ਵੀ ਮਚ ਰਹੀਆਂ ਸਨ।

MANN MUSIC VIDEO & PHOTO STUDIO
6512 Main St.(49th Ave.) VANCOUVER, B.C.

ਨਵੀਆਂ ਮੂਵੀਆਂ :
ਜ਼ਮੀਨ ਅਸਮਾਨ, ਪਾਕਿਸਤਾਨੀ ਸੰਗਰਾਮ, (ਭਿੰਡਰਾਂਵਾਲਿਆਂ ਦੀ ਵੀਡੀਓ ਮੂਵੀ),
(ਅਵਤਾਰ ਸਿੰਘ ਭੌਰਾ)

ਵਿਆਹ ਦੀਆਂ ਫੋਟੋਆਂ ਅਤੇ ਵੀਡੀਓ ਮੂਵੀ ਲਈ ਮਾਨ ਫੋਟੋ ਸਟੂਡੀਓ
ਪਾਸਪੋਰਟ, ਸਿਟੀਜ਼ਨ ਜਾਂ ਵੀਜ਼ੇ ਲਈ ਪੰਜ ਮਿੰਟ ਵਿਚ ਫੋਟੋ ਖਿਚਵਾਓ



ਗੁਰਦਾਸ ਮਾਨ ਦੀ ਨੰਬਰ 5 ਟੇਪ ਤਿਆਰ ਹੋ ਗਈ ਜਿਸ ਵਿਚ ਬਿਲਕੁਲ ਨਵੇਂ ਗੀਤ ਹਨ।
ਨੰਬਰ 85 ਟੇਪ ਤਿਆਰ ਹੋ ਗਈ ਜਿਸ ਵਿਚ ਸੀਮਾ ਤੇ ਸੀਤਲ ਦਾ ਅਖਾੜਾ ਹੈ।

ਅਵਤਾਰ ਸਿੰਘ ਭੌਰਾ ਢਾਡੀ ਜਥੇ ਵਲੋਂ ਅੰਮ੍ਰਿਤਸਰ ਦੇ ਖੂਨੀ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ
ਇੰਦਰਜੀਤ ਸਿੰਘ ਅਣਖੀ ਢਾਡੀ ਜਥੇ ਵਲੋਂ ਤਿਆਰ ਟੇਪ ਜੋ ਸਿਰਫ ਮਾਨ ਮਿਊਜ਼ਿਕ ਤੋਂ ਖ੍ਰੀਦੋ

ਸੰਗੀਤ ਸੰਸਾਰ ਰੇਡੀਓ ਪ੍ਰੋਗਰਾਮ ਦਾ ਨਵਾਂ ਟਾਈਮ
ਦੁਪਹਿਰੇ 12 : 15 ਤੋਂ 1 : 00 ਵਜੇ ਤੱਕ
ਹਰ ਐਤਵਾਰ
8 : 05 ਤੋਂ 9 : 10 ਵਜੇ ਤੱਕ

ਵਾਰਾਂ ਦੀਆਂ ਟੇਪਾਂ ਵਿਚ ਪੂਰਨ ਭਗਤ ਸਿੰਘ ਦੀ ਟੇਪ ਅਤੇ ਦਰੂਦ ਬਾਦਸ਼ਾਹ ਦੇ ਕਿੱਸੇ ਦੀਆਂ ਤਿੰਨ ਟੇਪਾਂ ਪਹੁੰਚ ਗਈਆਂ

ਹੋਰ ਜਾਣਕਾਰੀ ਲਈ : 321-6667

(ਪੰਨਾ 4 ਦੀ ਬਾਕੀ)

ਇਕ ਗਦਾਰ ਕੁੜੀ ਨੇ ਮਾਲਕ ਨਾਲ ਮਿਲ ਕੇ ਉਥੋਂ ਯੂਨੀਅਨ ਤੋੜਨ ਵਿਚ ਕਾਫੀ ਵੱਡਾ ਹਿਸਾ ਪਾਇਆ ਅਤੇ ਯੂਨੀਅਨ ਤੋੜਨ ਵਿਚ ਕਾਮਯਾਬ ਹੋਏ।

**ਮਸ਼ਰੂਮ ਗਰੋਅਰਜ਼ ਕੋਆਪ੍ਰੇਟਿਵ ਉਪਰ ਇਨਫਰਮੇਸ਼ਨ ਪਿਕਟ :—** ਕੋਆਪ੍ਰੇਟਿਵ ਦੇ ਪਰਸਨਲ ਮੈਨੇਜਰ ਦੀਆਂ ਉਪਰਲੀਆਂ ਹਰਕਤਾਂ ਵੇਖਦੇ ਹੋਏ ਯੂਨੀਅਨ ਦੇ ਪ੍ਰਤੀਨਿਧਾਂ ਅਤੇ ਵਰਕਰਾਂ ਨੇ ਕੋਆਪ੍ਰੇਟਿਵ ਮੂਹਰੇ ਇਨਫਰਮੇਸ਼ਨ ਪਿਕਟ ਲਾਉਣ ਦਾ ਮਤਾ ਪਕਾਇਆ। 31 ਮਈ ਸਵੇਰੇ ਸਾਢੇ ਪੰਜ ਵਜੇ ਕੋਆਪ੍ਰੇਟਿਵ ਮੂਹਰੇ ਪੁੱਜ ਗਏ। ਇਸ ਕੋਆਪ੍ਰੇਟਿਵ ਵਿਚ ਕੰਮ ਕਰਨ ਵਾਲਿਆਂ ਦੀ ਯੂਨੀਅਨ (Retail & Whole Sale Workers Union) ਨੇ ਏਥੇ ਪੂਰਾ ਪੂਰਾ ਸਾਥ ਦਿੱਤਾ। ਕੋਆਪ੍ਰੇਟਿਵ ਵਿਚ ਕੰਮ ਕਰਨ ਵਾਲਿਆਂ(80 ਦੇ ਲਗਭਗ) ਨੇ ਲਾਈਨ ਕਰਾਸ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਕੋਆਪ੍ਰੇਟਿਵ ਦਾ ਪਰਸਨਲ ਮੈਨੇਜਰ ਪੂਰੀ ਤਰ੍ਹਾਂ ਬੁਖਲਾ ਗਿਆ। ਪਹਿਲਾਂ ਉਸ ਗਲਬਾਤ ਕਰਨ ਦੀ ਕੋਸ਼ਿਸ਼ ਕੀਤੀ ਕਿ ਮੈਂ ਤਾਂ ਹਾਸ ਫਾਰਮ ਵਿਚ ਵਰਕਰਾਂ ਦੀ ਮਦਦ ਕਰਨ ਗਿਆ ਸੀ। ਯੂਨੀਅਨ ਅਤੇ ਵਰਕਰਾਂ ਨੇ ਇਸਦੇ ਜੁਆਬ ਵਿਚ ਕਿਹਾ ਕਿ ਸਾਨੂੰ ਪਤਾ ਹੈ ਕਿ ਤੂੰ ਸਾਡੀ ਕਿਸ ਤਰ੍ਹਾਂ ਦੀ ਮੱਦਦ ਕਰਨ ਗਿਆ ਸੀ। ਫੇਰ ਉਸ ਪਰਸਨਲ ਮੈਨੇਜਰ ਨੇ ਧਮਕੀ ਦਿਤੀ ਕਿ ਤੁਹਾਡੀ ਇਹ ਲਾਈਨ ਏਥੇ ਗੈਰ ਕਾਨੂੰਨੀ ਹੈ, ਕੋਆਪ੍ਰੇਟਿਵ ਨੂੰ ਇਕ ਦਿਨ ਵਿਚ 125000 ਡਾਲਰ ਦਾ ਘਾਟਾ ਪੈ ਰਿਹਾ ਹੈ। ਜੇ ਤੁਸੀਂ ਅੱਧੇ ਘੰਟੇ ਵਿਚ ਏਥੋਂ ਪਿਕਟ ਨਾ ਹਟਾਈ ਤਾਂ ਮੈਂ ਤੁਹਾਡੇ ਉਪਰ ਇਸ ਨੁਕਸਾਨ ਲਈ ਮੁਕੱਦਮਾ ਕਰ ਦਿਆਂਗਾ ਪਰ ਸੰਘਰਸ਼ ਕਰ ਰਹੇ ਲੋਕ ਜੇ ਅਜਿਹੀਆਂ ਧਮਕੀਆਂ ਦੀ ਪਰਵਾਹ ਕਰਨ ਲਗਣ ਤਾਂ ਉਹ ਆਪਣੇ ਹੱਕ ਨਹੀਂ ਜਿੱਤ ਸਕਦੇ। ਲਾਈਨ ਉਥੇ ਦੀ ਉਥੇ ਰਹੀ। ਇਸ ਸਮੇਂ ਇਸ ਮੈਨੇਜਰ ਨੂੰ ਪਤਾ ਨਹੀਂ ਲਗਦਾ ਸੀ ਕਿ ਉਹ ਕੀ ਕਰੇ। ਫਿਰ ਉਸਨੇ ਪਿਕਟ ਹਟਾਉਣ ਲਈ ਆਰਡਰ ਲੈਣ ਲਈ ਸੁਪਰੀਮ ਕੋਰਟ ਵਿਚ ਅਪਲਾਈ ਕਰ ਦਿੱਤਾ। ਜਦ ਕਿ ਅਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਅਸਲੀ ਥਾਂ ਲੇਬਰ ਰੀਲੇਸ਼ਨ ਬੋਰਡ ਹੈ। ਪਰ ਸ਼ਾਇਦ ਇਸ ਪਰਸਨਲ ਮੈਨੇਜਰ ਬੋਰਡ(ਭਾਵੇਂ ਕਿ ਬੋਰਡ ਬਹੁਤੀ ਵਾਰੀ ਮਾਲਕ ਦੇ ਪੱਖ ਵਿਚ ਫੈਸਲੇ ਕਰਦਾ ਹੈ) ਉਪਰ ਯਕੀਨ ਨਹੀਂ ਸੀ। ਪਹਿਲੀ ਜੂਨ ਨੂੰ ਇਸ ਐਪਲੀਕੇਸ਼ਨ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਹੋਈ। ਸੁਪਰੀਮ ਕੋਰਟ ਨੇ ਯੂਨੀਅਨ ਦੇ ਵਕੀਲ ਦੀ ਇਸ ਦਲੀਲ ਦੇ ਆਧਾਰ ਤੇ ਕਿ ਇਹੋ ਜਿਹੇ ਮਾਮਲਿਆਂ ਨੂੰ ਨਿਪਟਾਉਣ ਲਈ ਅਸਲੀ ਥਾਂ ਲੇਬਰ ਰੀਲੇਸ਼ਨ ਬੋਰਡ ਹੈ, ਸੁਪਰੀਮ ਕੋਰਟ ਨਹੀਂ, ਇਸ ਐਪਲੀਕੇਸ਼ਨ ਨੂੰ ਡਿਸਮਿਸ ਕਰ ਦਿਤਾ। ਉਸ ਮੈਨੇਜਰ ਦੀ ਇਸ ਹਾਰ ਨਾਲ ਲਾਈਨ ਉਪਰ ਖੜੇ ਵਰਕਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਹੌਂਸਲਿਆਂ ਨੂੰ ਕਾਫੀ ਬਲ ਮਿਲਿਆ। ਇਸ ਹਾਰ ਤੋਂ ਬਾਅਦ ਇਸ ਮੈਨੇਜਰ ਨੇ ਲੇਬਰ ਰੀਲੇਸ਼ਨ ਬੋਰਡ ਵਿਚ ਲਾਈਨ ਹਟਵਾਉਣ ਲਈ ਐਪਲੀਕੇਸ਼ਨ ਕਰ ਦਿਤੀ। ਇਸ ਐਪਲੀਕੇਸ਼ਨ ਦੀ ਸੁਣਵਾਈ ਦੋ ਜੂਨ (IN FORMAL) ਅਤੇ ਚਾਰ ਜੂਨ (FORMAL) ਨੂੰ ਹੋਈ। ਚਾਰ ਜੂਨ ਨੂੰ ਲੇਬਰ ਰੀਲੇਸ਼ਨ ਬੋਰਡ ਨੇ ਯੂਨੀਅਨ ਨੂੰ ਕੋਆਪ੍ਰੇਟਿਵ ਮੂਹਰਿਓਂ ਲਾਈਨ ਹਟਾਉਣ ਦਾ ਆਰਡਰ (CEASE AND DISIST) ਦੇ ਦਿਤਾ। ਅਤੇ ਯੂਨੀਅਨ ਨੇ ਸ਼ਾਮ ਨੂੰ ਉਥੋਂ ਪਿਕਟ ਹਟਾ ਲਈ। ਇਸ ਤੋਂ ਬਾਅਦ ਯੂਨੀਅਨ ਨੇ ਹਾਸ ਫਾਰਮ ਮੂਹਰੇ ਇਨਫਰਮੇਸ਼ਨ ਫਲਾਇਗ ਪਿਕਟ ਲਾਉਣ ਦਾ ਫੈਸਲਾ ਕੀਤਾ।

**ਲੇਬਰ ਰੀਲੇਸ਼ਨ ਬੋਰਡ ਦਾ ਰੋਲ :—** ਯੂਨੀਅਨ ਵਲੋਂ ਪ੍ਰੈਸ ਨੂੰ ਦਿਤੀ ਇਕ ਪ੍ਰੈਸ ਰੀਲੀਜ਼ ਮੁਤਾਬਕ ਇਸ ਸਾਰੇ ਕੇਸ ਵਿਚ ਲੇਬਰ ਰੀਲੇਸ਼ਨ ਬੋਰਡ (L.R.B.) ਦਾ ਰੋਲ ਬਹੁਤ ਹੀ ਨਿੰਦਣਯੋਗ ਰਿਹਾ। ਬੋਰਡ ਨੇ ਇਸ ਤਰਾਂ ਦਾ ਰੋਲ ਨਿਭਾ ਕੇ ਇਹ ਸਾਬਤ ਕਰ ਦਿਤਾ ਕਿ ਬੋਰਡ ਮਾਲਕਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਹੈ, ਵਰਕਰਾਂ ਦੀ ਨਹੀਂ। 28 ਮਈ ਨੂੰ ਸਵੇਰ ਦੇ ਦਸ ਵਜੇ ਯੂਨੀਅਨ ਦੇ ਹਾਸ ਫਾਰਮ ਵਿਚ ਸਰਟੀਫਿਕੇਸ਼ਨ ਲਈ ਅਪਲਾਈ ਕੀਤਾ, ਅਤੇ ਬੋਰਡ ਵਲੋਂ ਮੰਗ ਕੀਤੀ ਕਿ ਕਿਉਂਕਿ 11 ਵਰਕਰਾਂ ਨੂੰ ਕੰਮ ਤੋਂ ਹਟਾ ਦਿਤਾ ਗਿਆ ਹੈ, ਇਸ ਲਈ ਬੋਰਡ ਇਸ ਕੇਸ ਦੀ ਸੁਣਵਾਈ ਛੇਤੀ ਤੋਂ ਛੇਤੀ ਕਰੇ। ਪਰ ਬੋਰਡ ਨੇ ਅੱਗੋਂ ਜੁਆਬ ਦਿਤਾ ਕਿ ਅਸੀਂ ਬਹੁਤ ਰੁੱਝੇ ਹੋਏ ਹਾਂ। ਇਸ ਲਈ ਬੋਰਡ ਨੇ ਇਸ ਕੇਸ ਦੀ ਸੁਣਵਾਈ ਲਈ 14 ਜੂਨ (IN Formal) ਅਤੇ 25 ਜੂਨ (FORMAL) ਦੀ ਤਾਰੀਕ ਦਿੱਤੀ। ਪਰ ਦੂਜੇ ਪਾਸੇ ਜਦੋਂ ਕੋਆਪ੍ਰੇਟਿਵ ਨੇ ਯੂਨੀਅਨ ਵਿਰੁੱਧ ਪਿਕਟ ਹਟਾਉਣ ਲਈ ਐਪਲੀਕੇਸ਼ਨ ਇਕ ਜੂਨ ਨੂੰ ਕੀਤੀ ਤਾਂ ਉਸ ਅਰਜੀ ਦੀ ਸੁਣਵਾਈ ਲਈ ਜੂਨ ਦੋ ਅਤੇ ਜੂਨ ਚਾਰ ਨੂੰ ਟਾਈਮ ਕੱਢ ਲਿਆ। ਉਸ ਤੋਂ ਬਾਅਦ ਹਾਸ ਫਾਰਮ ਦੇ ਮਾਲਕ ਨੇ ਆਪਣੇ ਫਾਰਮ ਮੂਹਰਿਓਂ ਲਾਈਨ ਹਟਾਉਣ ਲਈ ਸੱਤ ਜੂਨ ਨੂੰ ਐਪਲੀਕੇਸ਼ਨ ਕੀਤੀ। ਤਾਂ ਅੱਠ ਜੂਨ ਨੂੰ ਬੋਰਡ ਦਾ ਯੂਨੀਅਨ ਨੂੰ ਫੋਨ ਆਇਆ(ਕਿ ਤੁਸੀਂ ਛੇਤੀ ਤੋਂ ਛੇਤੀ ਇਸ ਮਸਲੇ ਬਾਰੇ ਗੱਲ ਕਰਨ ਲਈ ਕਦੋਂ ਮਿਲ ਸਕਦੇ ਹੋ। ਇਸ ਤਰਾਂ ਇਸ ਤੋਂ ਸਾਫ ਜਾਹਿਰ ਹੋ ਜਾਂਦਾ ਹੈ ਕਿ ਜੇ ਮਾਲਕਾਂ ਨੂੰ ਕੋਈ ਨੁਕਸਾਨ ਹੁੰਦਾ ਹੈ ਜਾਂ ਮਾਲਕ ਸਿਰਫ ਇਹ ਕਹਿੰਦਾ ਹੈ ਕਿ ਉਸਨੂੰ ਨੁਕਸਾਨ ਹੋ ਰਿਹਾ ਹੈ ਤਾਂ ਬੋਰਡ ਲੋਕ ਇਕ ਦਮ ਸਮਾਂ ਹੁੰਦਾ ਹੈ। ਪਰ ਜੇ ਦੂਜੇ ਪਾਸੇ ਵਰਕਰਾਂ ਨੂੰ ਕੋਈ ਨੁਕਸਾਨ ਹੁੰਦਾ ਹੈ(ਜਿਵੇਂ ਇਸ ਫਾਰਮ ਵਿਚ 11 ਵਰਕਰਾਂ ਨੂੰ ਕੰਮ ਤੋਂ ਹਟਾਇਆ ਗਿਆ) ਤਾਂ ਉਸਨੂੰ ਇਸਦਾ ਕੋਈ ਫਿਕਰ ਨਹੀਂ।

**ਛੇ ਵਰਕਰਾਂ ਨੂੰ ਵਾਪਸ ਕੰਮ ਤੇ ਬੁਲਾਉਣਾ :—** 7 ਜੂਨ ਦੀ ਸ਼ਾਮ ਨੂੰ ਉਨ੍ਹਾਂ ਛੇ ਵਰਕਰਾਂ (ਜਿਹਨਾਂ ਨੂੰ 28 ਮਈ ਨੂੰ ਕੰਮ ਤੋਂ ਹਟਾਇਆ ਗਿਆ ਸੀ) ਦੇ ਘਰੀਂ ਚਿੱਠੀਆਂ ਭੇਜੀਆਂ ਗਈਆਂ ਜਿਹਨਾਂ ਵਿਚ ਲਿਖਿਆ ਸੀ ਕਿ ਅੱਠ ਜੂਨ ਤੋਂ ਮੈਂ ਤੁਹਾਨੂੰ ਕੰਮ ਤੇ ਵਾਪਸ ਲੈਂਦਾ ਹਾਂ। ਅੱਠ ਜੂਨ ਤੋਂ ਇਹ ਵਰਕਰ ਕੰਮ ਤੇ ਵਾਪਸ ਜਾਂਦੇ ਹਨ। ਇਹ ਵਰਕਰਾਂ ਦਾ ਜਿੱਤ ਵੱਲ ਪਹਿਲਾ ਕਦਮ ਹੈ ਭਾਵੇਂ ਮਾਲਕ ਨੇ ਇਹ ਕਦਮ ਵਰਕਰਾਂ ਨੂੰ ਆਪਸ ਵਿਚ ਪਾੜਨ ਲਈ ਚੁੱਕਿਆ ਸੀ ਪਰ ਵਰਕਰ ਪੂਰੀ ਤਰਾਂ ਇਕੱਠੇ ਖੜੇ ਹਨ।

**ਜਦੋ ਜਹਿਦ ਜਾਰੀ ਹੈ :—** ਜੋ ਇਸ ਵੇਲੇ ਬਾਕੀ ਦੇ ਪੰਜ ਮੈਂਬਰਾਂ ਨੂੰ ਕੰਮ ਤੇ ਵਾਪਸ ਭੇਜਣ ਅਤੇ ਯੂਨੀਅਨ ਦੀ ਸਰਟੀਫਿਕੇਸ਼ਨ ਜਿੱਤਣ ਲਈ ਜਦੋ ਜਹਿਦ ਜਾਰੀ ਹੈ। ਹਾਸ ਫਾਰਮ ਉਪਰ ਵਰਕਰਾਂ ਅਤੇ ਯੂਨੀਅਨ ਵਲੋਂ ਇਨਫਰਮੇਸ਼ਨ ਫਲਾਇੰਗ ਪਿਕਟ ਲਾਈ ਜਾਂਦੀ ਹੈ। ਇਹ ਲਾਈਨ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਾਲਕ ਇਨਾਂ ਵਰਕਰਾਂ ਨੂੰ ਵਾਪਸ ਕੰਮ ਤੇ ਨਹੀਂ ਬੁਲਉਂਦਾ ਜਾਂ ਲੇਬਰ ਰੀਲੇਸ਼ਨ ਬੋਰਡ ਮਾਲਕ ਦੇ ਪੱਖ ਵਿਚ ਇਸ ਲਾਈਨ ਨੂੰ ਹਟਾਉਣ ਦਾ ਆਰਡਰ ਨਹੀਂ ਦੇ ਦਿੰਦਾ। ਇਸ ਸਮੇਂ ਵਰਕਰਾਂ ਦੀਆਂ ਅੱਖਾਂ ਵਿਚੋਂ ਉਨ੍ਹਾਂ ਦਾ ਆਪਣੇ ਆਪ, ਆਪਣੀ ਏਕਤਾ ਅਤੇ ਆਪਣੀ ਯੂਨੀਅਨ ਉਪਰ ਵਿਸ਼ਵਾਸ਼ ਸੌਖਿਆਂ ਹੀ ਪੜਿਆ ਜਾ ਸਕਦਾ ਹੈ। ਵਰਕਰਾਂ ਨੂੰ ਯਕੀਨ ਹੈ ਕਿ ਅੰਤ ਵਿਚ ਜਿੱਤ ਉਨ੍ਹਾਂ ਦੀ ਹੀ ਹੋਵੇਗੀ। ਕਿਉਂਕਿ ਉਨ੍ਹਾਂ ਨੂੰ ਪਤਾ ਹੈ ਇਸੇ ਤਰ੍ਹਾਂ ਪਿਛਲੇ ਸਾਲਾਂ ਵਿਚ ਫਰੇਜ਼ਰ ਵੈਲੀ ਦੇ ਇਕ ਹੋਰ ਮਸ਼ਰੂਮ ਫਾਰਮ (Choi Mushroom Farm) ਵਿਚ ਹੋਇਆ ਸੀ। ਉਥੇ ਵੀ ਜਦੋਂ ਵਰਕਰਾਂ ਨੇ ਆਪਣੀ ਯੂਨੀਅਨ ਬਨਾਉਣੀ ਚਾਹੀ ਤਾਂ ਮਾਲਕ ਨੇ 6 ਵਰਕਰਾਂ ਨੂੰ ਕੰਮ ਤੋਂ ਜੁਆਬ ਦੇ ਦਿਤਾ ਸੀ। ਦਸ ਮਹੀਨਿਆਂ ਦੇ ਲੰਮੇ ਘੋਲ ਤੋਂ ਬਾਅਦ ਉਥੇ ਯੂਨੀਅਨ ਨੂੰ ਸਰਟੀਫਿਕੇਸ਼ਨ ਮਿਲੀ ਹੈ ਅਤੇ ਹੁਣ ਯੂਨੀਅਨ ਉਥੇ ਆਪਣਾ ਪਹਿਲਾ ਕੰਟਰੈਕਟ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ। ਚੋਆਏ ਮਸ਼ਰੂਮ ਫਾਰਮ ਦੇ ਮਾਲਕ ਨੂੰ ਕੰਮ ਤੋਂ ਹਟਾਏ ਗਏ ਛੇ ਵਰਕਰਾਂ ਨੂੰ ਕੰਮ ਤੇ ਵਾਪਸ ਬੁਲਾਉਣ ਅਤੇ ਪਿਛਲੇ ਦਸ ਮਹੀਨੇ ਦੀਆਂ ਉਹਨਾਂ ਨੂੰ ਤਨਖਾਹਾਂ ਦੇਣ ਦਾ ਹੁਕਮ ਹੋਇਆ ਹੈ। ਇਸ ਕੇਸ ਵੱਲ ਦੇਖਦੇ ਹੋਏ ਹਾਸ ਫਾਰਮ ਦੇ ਕਾਮਿਆਂ ਨੂੰ ਆਪਣੀ ਜਿੱਤ ਉਪਰ ਪੱਕਾ ਯਕੀਨ ਬੱਝਦਾ ਹੈ।

ਇਨ੍ਹਾਂ ਵਰਕਰਾਂ ਦੀ ਜਿਤ ਹੋਰ ਵੀ ਆਸਾਨ ਹੋ ਸਕਦੀ ਹੈ ਜੇ ਆਪਣੀ ਕਮਿਉਨਿਟੀ ਦੇ ਲੋਕਾਂ ਵਲੋਂ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਮਦਦ ਮਿਲੇ। ਕਿਉਂਕਿ ਇਹ ਜਦੋ ਜਹਿਦ ਇਕੱਲੇ ਫਾਰਮ ਵਰਕਰਾਂ ਦੀ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਕਮਿਉਨਿਟੀ ਦੀ ਹੈ। ਖਾਸ ਕਰਕੇ ਉਹ ਲੋਕ ਜਿਹੜੇ ਹੁਣ ਇਨਫਰਮੇਸ਼ਨ ਪਿਕਟ ਲਾਈਨ ਕਰਾਸ ਕਰਕੇ ਹਾਸ ਫਾਰਮ ਵਿਚ ਕੰਮ ਕਰਨ ਜਾਂਦੇ ਹਨ ਉਨ੍ਹਾਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ। ਉਹ ਵੀ ਵਰਕਰ ਹਨ, ਉਨ੍ਹਾਂ ਨੂੰ ਵਰਕਰਾਂ ਦਾ ਸਾਥ ਦੇਣਾ ਚਾਹੀਦਾ ਹੈ, ਮਾਲਕ ਦਾ ਨਹੀਂ। ਜੋ ਕੁਝ ਮਾਲਕ 11 ਵਰਕਰਾਂ ਨਾਲ ਕਰ ਰਿਹਾ ਹੈ ਉਹ ਕੱਲ ਨੂੰ ਉਨ੍ਹਾਂ ਨਾਲ ਵੀ ਕਰ ਸਕਦਾ ਹੈ। ਇਹ ਠੀਕ ਹੈ ਕਿ ਅੱਜ ਕੱਲ ਬੇਰੁਜ਼ਗਾਰੀ ਜ਼ਿਆਦਾ ਹੋਣ ਕਰਕੇ ਕੰਮ ਮਿਲਣੇ ਔਖੇ ਹਨ ਪਰ ਫਿਰ ਵੀ ਕਿਸੇ ਦੂਜੇ ਦੇ ਪੇਟ ਉਪਰ ਲੱਤ ਮਾਰ, ਉਹਦੇ ਬੱਚਿਆਂ ਦੇ ਮੂੰਹਾਂ ਵਿਚੋਂ ਰੋਟੀ ਖੋਹ ਆਪਣਾ ਢਿੱਡ ਭਰਨਾ ਕਿਥੋਂ ਤੱਕ ਠੀਕ ਹੈ। ਆਸ ਹੈ ਉਹ ਆਪਣੀ ਜ਼ਮੀਰ ਦੇ ਜਾਗਦੀ ਹੋਣ ਦਾ ਸਬੂਤ ਦੇਣਗੇ ਅਤੇ ਆਪਣੀ ਬਰਾਦਰੀ(ਵਰਕਰਾਂ) ਦੇ ਬਰਾਬਰ ਆ ਖੜਨਗੇ।

# ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਇੰਦਰਾ ਹਕੂਮਤ ਦੇ ਫਾਸ਼ੀ ਤਸ਼ੱਦਦ ਅਤੇ ਫਿਰਕਾਪ੍ਰਸਤੀ ਵਿਰੁੱਧ ਦੇਸ਼ ਭਗਤ ਟੈਂਪਲ ਵਿਚ ਭਾਰੀ ਜਲਸਾ

ਈਸਟ ਇੰਡੀਅਨ ਡੀਫੈਂਸ ਕਮੇਟੀ ਦੇ ਸੱਦੇ ਦੇ ਦੇਸ਼ ਭਗਤ ਟੈਂਪਲ ਵਿਚ 10 ਜੂਨ ਨੂੰ ਹੋਈ ਮੀਟਿੰਗ, ਜਿਸ ਵਿਚ 500 ਦੇ ਕਰੀਬ ਲੋਕਾਂ ਨੇ ਹਿਸਾ ਲਿਆ, ਵਿਚ ਇੰਦਰਾ ਗਾਂਧੀ ਦੀ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੀ ਹਕੂਮਤ ਵਲੋਂ ਹਰਿਮੰਦਰ ਸਾਹਿਬ ਤੇ ਫੌਜ ਦੇ ਵਹਿਸ਼ੀ ਹਮਲੇ, ਜਿਸਦੇ ਸਿੱਟੇ ਵਜੋਂ 2000 ਤੋਂ ਵੱਧ ਲੋਕਾਂ ਦਾ ਕਤਲੇਆਮ ਹੋਇਆ, ਅਤੇ ਫੌਜ ਦੇ ਪੰਜਾਬ ਉਤੇ ਜਬਰੀ ਕਬਜ਼ੇ ਦੀ ਜ਼ੋਰਦਾਰ ਨਿਖੇਧੀ ਕੀਤੀ। ਸਾਥੀ ਹਰਦਿਆਲ ਬੈਂਸ, ਕਨੇਡਾ ਦੀ ਕਮਿਉਨਿਸਟ ਪਾਰਟੀ(ਮਾਰਕਸਵਾਦੀ, ਲੈਨਿਨਵਾਦੀ) ਦੀ ਕੇਂਦਰੀ ਕਮੇਟੀ ਦੇ ਮੁੱਖ ਸਕੱਤਰ, ਜਿਨਾਂ ਨੇ ਇਸ ਮੀਟਿੰਗ ਨੂੰ ਸੰਬੋਧਨ ਕਰਨਾ ਸੀ, ਨੂੰ ਲੰਡਨ ਏਅਰ ਪੋਰਟ ਤੇ ਅਧਿਕਾਰੀਆਂ ਨੇ ਰੋਕ ਲਿਆ ਜਿਸ ਕਰਕੇ ਉਹ ਮੀਟਿੰਗ ਵਿਚ ਪਹੁੰਚ ਨਹੀਂ ਸਕੇ।

10 ਜੂਨ ਦੀ ਮੀਟਿੰਗ ਦੀ ਬਜਾਏ ਸਾਥੀ ਹਰਦਿਆਲ ਬੈਂਸ ਨੇ 11 ਜੂਨ ਨੂੰ ਈਸਟ ਇੰਡੀਅਨ ਡੀਫੈਂਸ ਕਮੇਟੀ ਦੇ 100 ਤੋਂ ਵੱਧ ਹਮਾਇਤੀਆਂ ਦੀ ਮੀਟਿੰਗ ਵਿਚ ਤਕਰੀਰ ਕੀਤੀ। ਉਨ੍ਹਾਂ ਪੰਜਾਬ ਦੇ ਮੌਜੂਦਾ ਹਾਲਤਾਂ ਤੇ ਬੋਲਦੇ ਹੋਏ ਕਿਹਾ ਕਿ ਫੌਜ ਦੇ ਹਰਿਮੰਦਰ ਸਾਹਿਬ ਤੇ ਹੋਏ ਇਸ ਫਾਸ਼ੀ ਹਮਲੇ ਤੋਂ ਬਾਅਦ ਇੰਦਰਾ ਗਾਂਧੀ ਨੇ ਕਿਹਾ ਕਿ "ਉਹਨੂੰ ਇਹ ਕਰਨਾ ਹੀ ਪੈਣਾ ਸੀ" ਅਤੇ ਅਸੀਂ ਕਹਿੰਦੇ ਹਾਂ ਕਿ ਹਿੰਦੋਸਤਾਨ ਦੀ ਮਜ਼ਦੂਰ ਜਮਾਤ ਅਤੇ ਹੋਰ ਦੱਬੇ-ਕੁਚਲੇ ਲੋਕਾਂ ਨੂੰ ਵੀ ਲੋਟੂ ਢਾਂਚੇ ਦਾ ਇਨਕਲਾਬ ਰਾਹੀਂ ਤਖਤਾ ਉਲਟਾ ਕੇ ਅਤੇ ਇੰਦਰਾ ਗਾਂਧੀ ਅਤੇ ਉਸਦੇ ਜੋਟੀਦਾਰਾਂ ਨੂੰ ਫਾਹੇ ਲਾਉਣਾ ਹੀ ਪੈਣਾ ਹੈ।

ਉਨ੍ਹਾਂ ਕਿਹਾ ਕਿ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਮਾਰਕਸਵਾਦੀਏ-ਲੈਨਿਨਵਾਦੀਏ ਕਦੇ ਵੀ ਭਿੰਡਰਾਂਵਾਲੇ ਦੇ ਰਾਜਨੀਤਕ ਅਤੇ ਸਿਧਾਂਤਕ ਵਿਚਾਰਾਂ ਨਾਲ ਸਹਿਮਤ ਨਹੀਂ ਹੋਏ। ਪਰ ਇਸਦਾ ਇਹ ਮਤਲਬ ਨਹੀਂ ਕਿ ਰਾਜਨੀਤਕ ਅਤੇ ਸਿਧਾਂਤਕ ਵਿਖਰੇਵਿਆਂ ਵਾਲੇ ਲੋਕਾਂ ਉਪਰ ਹੋਏ ਜ਼ੁਲਮ ਦੀ ਨਿਖੇਧੀ ਨਾ ਕੀਤੀ ਜਾਵੇ। ਹਕੂਮਤ ਕੋਲ ਇਹ ਕੋਈ ਅਧਿਕਾਰ ਨਹੀਂ ਕਿ ਉਹ ਭਿੰਡਰਾਂਵਾਲੇ ਨਾਲ ਆਪਣੇ ਵਿਖਰੇਵਿਆਂ ਨੂੰ ਫੌਜੀ ਤਾਕਤ ਨਾਲ "ਸੁਲਝਾਵੇ"। ਅਸੀਂ ਹਕੂਮਤ ਦੇ ਇਸ ਵਹਿਸ਼ੀ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਹਿੰਦੋਸਤਾਨ ਦੀ ਫੌਜ ਅਤੇ ਪੁਲਸ ਲੋਕਾਂ ਦੀ ਫੌਜ ਅਤੇ ਪੁਲਸ ਨਹੀਂ ਬਲਕਿ ਲੋਟੂਆਂ ਦੀ ਫਾਸ਼ੀ ਫੌਜ ਅਤੇ ਪੁਲਸ ਹੈ ਜੋ ਲੋਕਾਂ ਦੇ ਹੱਕੀ ਘੋਲਾਂ ਨੂੰ ਖਤਮ ਕਰਨ ਲਈ ਵਰਤੀ ਜਾਂਦੀ ਹੈ ਜਿਵੇਂ ਕਿ 1967 ਦਾ ਨਕਸਲਵਾੜੀ ਘੋਲ, 1973 ਵਿਚ ਸੀ. ਆਰ. ਪੀ. ਦੀ ਬਗ਼ਾਵਤ ਆਦਿ। ਹਰਿਮੰਦਰ ਸਾਹਿਬ ਤੇ ਹਮਲੇ ਤੋਂ ਬਾਅਦ ਕਮਾਂਡਰਾਂ ਨੇ ਰੌਲਾ ਪਾਇਆ ਕਿ "ਇਥੇ ਬਹੁਤ ਹਥਿਆਰ ਪਏ ਸਨ।" ਸਾਥੀ ਬੈਂਸ ਨੇ ਕਿਹਾ ਕਿ ਉਥੇ ਹਥਿਆਰ ਕਿਉਂ ਨਾ ਹੋਣ ? ਹਿੰਦੋਸਤਾਨ ਦੇ ਸਾਰੇ ਲੋਕਾਂ ਕੋਲ ਹਥਿਆਰ ਹੋਣੇ ਚਾਹੀਦੇ ਹਨ ਤਾਂ ਕਿ ਉਹ ਫਾਸ਼ੀ ਫੌਜ ਦੀ ਗੈਰ ਕਾਨੂੰਨਤਾ ਅਤੇ ਜਬਰ ਦਾ ਮੁਕਾਬਲਾ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਘਟਨਾਂ ਨੇ ਫਿਰ ਇਹ ਸਾਬਤ ਕੀਤਾ ਹੈ ਕਿ ਫੌਜ ਅਤੇ ਪੁਲਸ ਲੋਕਾਂ ਲਈ ਨਹੀਂ ਬਲਕਿ ਖੂਨ-ਪੀਣੇ ਸਰਮਾਏਦਾਰਾਂ ਜਗੀਰਦਾਰਾਂ ਅਤੇ ਸਾਮਰਾਜੀਆਂ ਦੀ ਰਖਵਾਲੀ ਲਈ ਹੈ, ਜੋ ਆਮ ਲੋਕਾਂ ਦਾ ਆਏ ਦਿਨ ਕਤਲ ਕਰਦੀ ਹੈ।

ਸਾਥੀ ਬੈਂਸ ਨੇ ਕਿਹਾ ਕਿ ਹਰਿਮੰਦਰ ਸਾਹਿਬ ਤੇ ਹੋਇਆ ਇਹ ਹਮਲਾ ਹਕੂਮਤ ਦੀ ਫਿਰਕੂ ਹਿੰਸਾ ਕਰਵਾਉਣ ਦੀ ਨੀਤੀ ਦਾ ਹੀ ਇਕ ਹੋਰ ਹਿਸਾ ਹੈ ਤਾਂ ਕਿ ਇਸ ਬਹਾਨੇ ਨਾਲ ਲੋਕਾਂ ਤੇ ਹੋਰ ਜ਼ੁਲਮ ਕੀਤਾ ਜਾ ਸਕੇ। ਇਹ ਹਮਲਾ ਪੰਜਾਬੀ ਕੌਮ ਤੇ ਮਾਰੂ ਹਮਲਾ ਹੈ ਕਿਉਂਕਿ ਅਜਿਹਾ ਕਰਨ ਨਾਲ ਇੰਦਰਾ ਗਾਂਧੀ ਚਾਹੁੰਦੀ ਹੈ ਕਿ ਫਿਰਕਾਪ੍ਰਸਤੀ ਵਧੇ ਅਤੇ ਲੋਕ ਆਪਸ ਵਿਚ ਲੜ ਕੇ ਮਰਨ, ਆਪਣੇ ਅਸਲੀ ਦੁਸ਼ਮਣਾਂ ਨੂੰ ਪਛਾਨਣ ਦੀ ਬਜਾਏ ਭਰਾ-ਮਾਰ ਲੜਾਈ ਕਰਨ। ਉਨ੍ਹਾਂ ਕਿਹਾ ਕਿ ਧਰਮ ਕੋਈ ਮਸਲਾ ਨਹੀਂ ਕਿਉਂਕਿ ਦੇਖਿਆ ਜਾਵੇ ਤਾਂ ਇੰਦਰਾ ਹਿੰਦੂ ਹੈ ਉਹਦੇ ਜਰਨੈਲ ਸਿੱਖ ਹਨ। ਵੱਡੇ ਸਰਮਾਏਦਾਰ ਧਰਮ ਨੂੰ ਮਸਲਾ ਬਣਾ ਕੇ ਪੇਸ਼ ਕਰਨਾ ਚਾਹੁੰਦੇ ਹਨ ਤਾਂ ਕਿ ਲੋਕਾਂ ਨੂੰ ਸਹੀ ਰਸਤੇ ਤੇ ਘੋਲ ਕਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਮਸਲਾ ਹੈ ਇੰਦਰਾ ਗਾਂਧੀ ਦੀ ਫਾਸ਼ੀ ਹਕੂਮਤ ਅਤੇ ਲੋਟੂ ਢਾਂਚੇ ਨੂੰ ਖਤਮ ਕਰਨ ਦਾ। ਵੱਡੇ ਸਰਮਾਏਦਾਰਾਂ, ਜਗੀਰਦਾਰਾਂ ਅਤੇ ਸਾਮਰਾਜੀਆਂ ਦੇ ਇਸ ਖੂਨੀ ਜਾਬਰ ਲੋਟੂ ਢਾਂਚੇ ਨੂੰ ਹਥਿਆਰਬੰਦ ਘੋਲ ਰਾਹੀਂ ਉਲਟਾ ਕੇ ਲੋਕ ਜਮਹੂਰੀ ਹਿੰਦੋਸਤਾਨ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕੁਝ ਲੋਕ ਪੰਜਾਬੀ ਕੌਮ ਨੂੰ ਦੁਬਾਰਾ ਫਿਰ ਧਰਮ ਦੇ ਅਧਾਰ ਤੇ ਪਾੜਨਾ ਚਾਹੁੰਦੇ ਹਨ, ਪਹਿਲਾਂ ਹੀ ਪੰਜਾਬੀ ਕੌਮ ਨੂੰ 1947 ਵਿਚ ਧਰਮ ਦੇ ਅਧਾਰ ਤੇ ਅਤੇ ਫਿਰ ਬੋਲੀ ਦੇ ਅਧਾਰ ਤੇ ਪਾੜਿਆ ਜਾ ਚੁੱਕਾ ਹੈ। ਮੌਜੂਦਾ ਹਮਲਾ ਸਿੱਖ ਧਰਮ ਤੇ ਨਹੀਂ ਬਲਕਿ ਹਿੰਦੋਸਤਾਨੀ ਮਜ਼ਦੂਰ ਜਮਾਤ ਅਤੇ ਸਮੁਚੀ ਪੰਜਾਬੀ ਕੌਮ ਤੇ ਹਮਲਾ ਹੈ, ਅਸਾਮ, ਮਹਾਂਰਾਸ਼ਟਰਾ ਅਤੇ ਹੋਰ ਥਾਵਾਂ ਤੇ ਕਰਾਏ ਫਿਰਕੂ ਦੰਗਿਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਆਪਣਾ ਲੋਟੂ ਢਾਂਚਾ ਕਾਇਮ ਰੱਖਣ ਲਈ ਹਾਕਮ ਜਮਾਤ ਵੱਡੇ ਪੱਧਰ ਤੇ ਫਿਰਕਾਪ੍ਰਸਤੀ ਦਾ ਇਸਤੇਮਾਲ ਕਰਦੀ ਹੈ ਅਤੇ ਫਿਰ ਇਸ ਨੂੰ ਦਬਾਉਣ ਦੇ ਬਹਾਨੇ ਨਾਲ ਲੋਕਾਂ ਤੇ ਪੁਲਸ ਅਤੇ ਫੌਜ ਰਾਹੀਂ ਫਾਸ਼ੀ ਤਸ਼ੱਦਦ ਕਰਦੀ ਹੈ।

ਸਾਥੀ ਬੈਂਸ ਨੇ ਉਨ੍ਹਾਂ ਲੋਕਾਂ ਦੀ ਜੋ ਅਮਰੀਕੀ ਸਾਮਰਾਜ ਦੇ ਮੁਖੀ ਰੀਗਨ ਅਤੇ ਹੋਰ ਪਿਛਾਹ ਖਿਚੂਆਂ ਨੂੰ ਤਾਰਾਂ ਘੱਲ ਕੇ ਭਿਖਿਆ ਮੰਗਦੇ ਹਨ ਜ਼ੋਰਦਾਰ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਈਸਟ ਇੰਡੀਅਨ ਡੀਫੈਂਸ ਕਮੇਟੀ ਕਦੇ ਵੀ ਉਨ੍ਹਾਂ ਨਾਲ ਏਕਤਾ ਨਹੀਂ ਕਰੇਗੀ ਜੋ ਫਾਸ਼ੀਆਂ ਮੂਹਰੇ ਅਪੀਲਾਂ ਕਰਦੇ ਹਨ, ਉਨ੍ਹਾਂ ਸਾਮਰਾਜੀਆਂ ਅੱਗੇ ਅਪੀਲਾਂ ਕਰਨੀਆਂ ਜੋ ਦੁਨੀਆਂ ਭਰ ਦੇ ਲੋਕਾਂ ਦਾ ਕਤਲੇਆਮ ਕਰਦੇ ਹਨ, ਜੋ ਆਪ ਫਿਰਕੂ ਦੰਗੇ ਕਰਵਾਉਂਦੇ ਹਨ, ਕੌਮਾਂ ਤੇ ਫਾਸ਼ੀ ਤਸ਼ੱਦਦ ਕਰਦੇ ਹਨ ਅਤੇ ਜਿਨਾਂ ਦੇ ਹਥ ਲੋਕਾਂ ਦੇ ਖੂਨ ਨਾਲ ਰੰਗੇ ਹੋਏ ਹਨ। ਉਨ੍ਹਾਂ ਕਿਹਾ ਕਿ ਜੋ ਖੂਨੀ ਰੀਗਨ ਕੋਲ ਅਪੀਲਾਂ ਕਰਦੇ ਹਨ ਉਨ੍ਹਾਂ ਦਾ ਨਿਸ਼ਾਨਾ ਇੰਦਰਾ ਗਾਂਧੀ ਦੀ ਫਾਸ਼ੀ ਹਕੂਮਤ ਵਿਰੁਧ ਲੜਨਾ ਨਹੀਂ ਹੈ। ਅੱਗੇ ਚੱਲ ਕੇ ਉਨ੍ਹਾਂ ਕਿਹਾ ਕਿ ਜੋ ਲੋਕ ਇਹ ਕਹਿੰਦੇ ਹਨ ਕਿ ਹਰਿਮੰਦਰ ਸਾਹਿਬ ਤੇ ਹਮਲਾ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਲੜਾਈ ਹੈ, ਇਹ ਲੋਕ ਇਤਿਹਾਸ ਤੋਂ ਕੁਝ ਵੀ ਸਿੱਖ ਨਹੀਂ ਸਕੇ।

ਸਾਥੀ ਬੈਂਸ ਨੇ ਕਿਹਾ ਕਿ ਇੰਦਰਾ ਗਾਂਧੀ ਜਾਂ ਮੇਜਰ 'ਦਿਆਲ' ਦੀਆਂ 'ਦਲੀਲਾਂ' ਹਕੂਮਤ ਦੇ ਇਸ ਵਹਿਸ਼ੀ ਹਮਲੇ ਨੂੰ ਠੀਕ ਨਹੀਂ ਸਾਬਤ ਕਰ ਸਕਦੀਆਂ, ਗੁਰਦੁਆਰੇ ਵਿਚ ਜੋ ਹਥਿਆਰਬੰਦ ਲੋਕ ਸਨ ਉਹ ਹਕੂਮਤ ਨੂੰ ਕੋਈ ਖਤਰਾ ਨਹੀਂ ਸਨ, ਇਹ ਇਕ ਨੰਗਾ ਝੂਠ ਹੈ। ਅੱਜ ਵਕਤ ਹੈ ਕਿ ਪੰਜਾਬੀ ਅਤੇ ਹਿੰਦੋਸਤਾਨੀ ਲੋਕ ਆਪਣੇ ਦੁਸ਼ਮਣ ਦੀਆਂ ਚਾਲਾਂ ਦੀ ਪਹਿਚਾਣ ਕਰਨ, ਕਿਉਂਕਿ ਹਾਕਮ ਜਮਾਤ ਦੀ ਇਹ ਨੀਤੀ ਹੈ ਕਿ ਲੋਕਾਂ ਨੂੰ ਧਰਮ ਦੇ ਅਧਾਰ ਤੇ ਆਪਸ ਵਿਚ ਲੜਾਉਣਾ, ਤਾਂ ਕਿ ਲੋਕ ਇਕ ਦੂਸਰੇ ਨੂੰ ਮਾਰੀ ਜਾਣ ਅਤੇ ਲੁੱਟ-ਖਸੁੱਟ ਦਾ ਇਹ ਜਾਬਰ ਢਾਂਚਾ ਜਿਉਂਦਾ ਤਿਉਂ ਕਾਇਮ ਰਹੇ। ਉਨ੍ਹਾਂ ਕਿਹਾ ਕਿ ਅੱਜ ਮਸਲਾ ਹੈ ਕਿ ਜ਼ੁਲਮ ਅਤੇ ਜਬਰ ਵਿਰੁਧ ਇਕ ਮੁਠ ਹੋ ਕੇ ਲੜਿਆ ਜਾਵੇ ਅਤੇ ਉਹ ਜੋ ਫਿਰਕਾਪ੍ਰਸਤੀ ਨੂੰ ਸ਼ਹਿ ਦਿੰਦੇ ਹਨ ਲੋਕਾਂ ਦੇ ਦੁਸ਼ਮਣ ਹਨ।

ਸਾਥੀ ਬੈਂਸ ਨੇ ਕਿਹਾ ਕਿ ਅਸੂਲੀ ਤੌਰ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਅਤੇ ਮਾਰਕਸਵਾਦੀਏ-ਲੈਨਿਨਵਾਦੀਏ ਹਰਿਮੰਦਰ ਸਾਹਿਬ ਤੇ ਇਸ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦੇ ਹਨ, ਇਸਦੇ ਨਾਲ ਹੀ ਅਸੀਂ ਮਜ਼ਦੂਰਾਂ, ਕਿਰਸਾਨਾਂ, ਵਿਦਿਆਰਥੀਆਂ, ਹੋਰ ਦੇਸ਼ ਭਗਤਾਂ ਅਤੇ ਮਾਰਕਸਵਾਦੀਆਂ-ਲੈਨਿਨਵਾਦੀਆਂ ਤੇ ਹੁੰਦੇ ਹਮਲਿਆਂ ਦੀ ਵੀ ਸਖਤੀ ਨਾਲ ਵਿਰੋਧਤਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਫਾਸ਼ੀ ਤਸ਼ੱਦਦ ਨਵੀਆਂ ਮੰਜ਼ਲਾਂ ਤੇ ਆ ਚੁਕਾ ਹੈ ਅਤੇ ਲੋਕਾਂ ਦਾ ਇਹ ਹੱਕ ਬਣਦਾ ਹੈ ਕਿ ਇਸ ਲੋਟੂ ਜਬਰ ਢਾਂਚੇ ਅਤੇ ਇੰਦਰਾ ਗਾਂਧੀ ਦੀ ਫਾਸ਼ੀ ਹਕੂਮਤ ਦਾ ਹਥਿਆਰਬੰਦ ਇਨਕਲਾਬ ਰਾਹੀਂ ਖਾਤਮਾ ਕਰਨ। ਹਰਿਮੰਦਰ ਸਾਹਿਬ ਤੇ ਹੋਇਆ ਇਹ ਹਮਲਾ ਸਾਬਤ ਕਰਦਾ ਹੈ ਕਿ ਇੰਦਰਾ ਗਾਂਧੀ "ਕਾਨੂੰਨ" ਵਗੈਰਾ ਦੀ ਕੋਈ ਪਾਲਣਾ ਨਹੀਂ ਕਰਦੀ ਬਲਕਿ ਹਾਕਮ ਜਮਾਤ ਦੀ ਲੋੜ ਅਨੁਸਾਰ "ਕਾਨੂੰਨ" ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ।

ਸਾਥੀ ਬੈਂਸ ਨੇ ਸਭ ਲੜ ਰਹੇ ਲੋਕਾਂ ਦੇ ਸਾਂਝੇ ਫਰੰਟ ਲਈ ਅਪੀਲ ਕੀਤੀ ਤਾਂ ਕਿ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੀ ਇਸ ਹਕੂਮਤ ਦਾ ਇਨਕਲਾਬ ਰਾਹੀਂ ਖਾਤਮਾ ਕੀਤਾ ਜਾ ਸਕੇ ਅਤੇ ਲੋਕ ਜਮਹੂਰੀ ਹਿੰਦੋਸਤਾਨ ਦੀ ਸਥਾਪਨਾ ਕੀਤੀ ਜਾ ਸਕੇ ਜਿਸ ਵਿਚ ਆਮ ਲੋਕਾਂ ਅਤੇ ਕੌਮਾਂ ਨੂੰ ਪੂਰੀ ਆਜ਼ਾਦੀ ਹੋਵੇ, ਜਿਥੇ ਕੋਈ ਲੁੱਟ-ਖਸੁੱਟ ਅਤੇ ਜਬਰ ਨਾ ਹੋਵੇ। ਇਹ ਸਾਂਝਾ ਫਰੰਟ ਲੜ ਰਹੇ ਬਹਾਦਰਾਂ ਦਾ ਫਰੰਟ ਹੀ ਹੋ ਸਕਦਾ ਹੈ ਉਨ੍ਹਾਂ ਨਾਲ ਨਹੀਂ ਜੋ ਦੁਨੀਆਂ ਦੇ ਲੋਕਾਂ ਦੇ ਦੁਸ਼ਮਣਾਂ ਰੀਗਨ, ਟਰੂਡੋ, ਪੋਪ ਆਦਿ ਨੂੰ ਤਾਰਾਂ ਦਿੰਦੇ ਹਨ। ਨਾ ਹੀ ਅਸੀਂ ਪਾਕਿਸਤਾਨੀ ਲੋਕਾਂ ਦੇ ਕਾਤਲ ਜ਼ਿਆ-ਉਲ-ਹੱਕ ਅਤੇ ਹੋਰ ਬੁਚੜਾਂ ਨਾਲ ਏਕਤਾ ਕਰ ਸਕਦੇ ਹਾਂ ਜਿਨ੍ਹਾਂ ਦੇ ਹੱਥ ਵੀ ਇੰਦਰਾ ਗਾਂਧੀ ਵਾਂਗ ਲੋਕਾਂ ਦੇ ਖੂਨ ਨਾਲ ਲਿੱਬੜੇ ਹੋਏ ਹਨ। ਜੋ 5 ਜੂਨ ਦੇ ਵਹਿਸ਼ੀ ਫੌਜੀ ਹਮਲੇ ਵਿਰੁਧ ਬਹਾਦਰੀ ਨਾਲ ਲੜੇ ਉਹ ਸਾਡੇ ਖੂਨ ਦੇ ਭਰਾ ਹਨ, ਸਾਡੀ ਏਕਤਾ ਉਨ੍ਹਾਂ ਨਾਲ ਹੋ ਸਕਦੀ ਹੈ ਜੋ ਇੰਦਰਾ ਗਾਂਧੀ ਵਿਰੁਧ, ਜ਼ੁਲਮ ਅਤੇ ਜਬਰ ਵਿਰੁਧ ਅਤੇ ਫਿਰਕਾਪ੍ਰਸਤੀ ਦੇ ਨਾਗ ਵਿਰੁਧ ਲੜਦੇ ਹਨ ਤਾਂ ਕਿ ਇਨਕਲਾਬ ਰਾਹੀਂ ਲੋਟੂ ਜਬਰ ਢਾਂਚੇ ਨੂੰ ਉਲਟਾ ਕੇ ਲੋਕ ਜਮਹੂਰੀ ਹਿੰਦੋਸਤਾਨ ਦੀ ਸਥਾਪਨਾ ਕੀਤੀ ਜਾ ਸਕੇ।

ਸਾਥੀ ਬੈਂਸ ਨੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਜੋ ਇੰਦਰਾ ਦੇ ਜਬਰ ਵਿਰੁਧ ਇਕੱਠੇ ਹੋਏ ਦੀ ਭਰਪੂਰ ਸ਼ਲਾਘਾ ਕੀਤੀ। ਸਾਥੀ ਬੈਂਸ ਨੇ ਹਿੰਦੋਸਤਾਨੀ ਲੋਕਾਂ ਨੂੰ ਅੱਜ ਦੇ ਨਾਜ਼ਕ ਦੌਰ ਵਿਚ ਹਾਕਮ ਜਮਾਤਾਂ ਦੀ ਦੋ-ਧਾਰੀ ਤਲਵਾਰ, ਇਕ ਪਾਸੇ ਲੋਕਾਂ ਤੇ ਫਾਸ਼ੀ ਤਸ਼ੱਦਦ ਅਤੇ ਦੂਸਰੇ ਪਾਸੇ ਫਿਰਕਾਪ੍ਰਸਤੀ ਦਾ ਖੜੱਪਾ ਸੱਪ, ਤੋਂ ਖਬਰਦਾਰ ਹੋਣ ਲਈ ਸੱਦਾ ਦਿੱਤਾ ਅਤੇ ਆਪਣੇ ਸਾਂਝੇ ਦੁਸ਼ਮਣ ਇੰਦਰਾ ਗਾਂਧੀ ਦੀ ਵੱਡੇ ਸਰਮਾਏਦਾਰਾਂ ਅਤੇ ਵੱਡੇ ਜਗੀਰਦਾਰਾਂ ਦੀ ਹਕੂਮਤ ਵਿਰੁੱਧ ਦ੍ਰਿੜਤਾ ਨਾਲ ਇਕ ਮੁਠ ਹੋਣ ਲਈ ਅਪੀਲ ਕੀਤੀ।


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone (604)321-6360

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.................................................
Address.............................................
City...................................................
Province............................................
Postal code........................................
PHONE.

One Year ..........................20 dollars
Two Year ..........................35 dollars
Three year ........................50 dollars
Life membership.................200 dollars
ASIA...............................80 dollars(a year)
U.S.A. ............................25 dollars(a year)
Europe ...........................80 dollars(a year)
Africa ............................80 dollars(a year)


ਓਦੋਂ ਤੋਂ ਹੁਣ ਤੇਜ਼ ਹਨੇਰੀ ਕੋਲੋਂ ਪਿੰਡ ਹੀ ਕੰਬੇ,
ਜਦ ਤੋਂ ਝਟਕੇ ਨਾਲ ਬੋੜ੍ਹ ਦਾ ਬੂਟਾ ਉਖੜ ਗਿਆ।

ਧਰਤੀ ਅੰਬਰ ਜਾਣ ਫੈਲਦੇ ਮਹਿਲ-ਮੁਨਾਰਿਆਂ ਖ਼ਾਤਰ,
ਸਾਡੀ ਧਰਤੀ ਸਾਡਾ ਅੰਬਰ ਕਾਹਨੂੰ ਸੁੰਗੜ ਗਿਆ।

ਠਰਦੇ ਹੱਥਾਂ ਬਹੁਤ ਬੁਲਾਇਆ ਲੱਖ ਇਸ਼ਾਰੇ ਕਰ ਕੇ,
ਅੱਗ ਦਾ ਗੀਤ-ਗਵੱਈਆ ਰਾਹ 'ਚੋਂ ਆ ਕੇ ਪਰਤ ਗਿਆ।

# BUY DIRECT FROM IMPORTER

7 W. Hastings, Vancouver, B.C.

PH: (604) 685-7050



**3 PCE. LUGGAGE SET**

Choice from 2 different sets

ਪਹਿਲਾਂ ਕੀਮਤ

32" Reg. $59.95

30" Reg. $49.95

28" Reg. $39.95

ਹੁਣ ਤਿੰਨੇ

$99.95



**National Panasonic**

GOOD FOR INDIA

$99.95

Stereo Tape Recorder



**SOLAR CALCULATOR**

No Battery For Use In India

Only $12.95



M9800

**SANYO**



$99.95



KJ 253

ਭਾਰਤ ਜਾਣ ਤੋਂ ਪਹਿਲਾਂ ਸਮਾਨ ਲੈਣ ਲਈ ਸਾਡੇ ਸਟੋਰ ਤੇ ਆਓ ਅਤੇ

ਡਾਲਰਾਂ ਦੀ ਬੱਚਤ ਕਰੋ




Dual Voltage

**PORTABLE CASSETTE RECORDER**

operates an AC110/220 Volt house current or 4 "C" cell batteries (NOT INCLUDED)

$59.95

For use in India we sell presses, blenders, grinders and many other household things

**GRINDERS BLENDERS &**

110/220 Voltage



(TWO-IN-ONE)

**SHALIMAR GIFTS LTD. & LONDON LOAN PAWNBROKERS LTD.**

PH: (604) 685-7050

7 West Hastings, Vancouver, B.C. V6B 1G4

NOW TWO LOCATIONS TO SERVE YOU

# CANADIAN SURPLUS

OPEN SUNDAY 11.00 to 5.00 P.M.

19535 Fraser Hwy., Surrey, B.c. Ph. 530-1211